੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੪੫ ਜਿਲਦ ੩੦ ੧੯-੨੫ ਨਵੰਬਰ ੨੦੨੦, ੫-੧੧ ਮੱਘਰ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 45 Volume 30, 19-25 November 2020
Yearly Subscription India 250/-, Abroad 2500/- and Life Membership India 2500/-, Abroad 25000/-

**ਜੋਤਿ ਜੋਤਿ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ : 19 ਨਵੰਬਰ/ਕੱਤਕ ਸੁਦੀ ੫**

## ਗੁਰਪੁਰਬ ਸਦਾ ਦਸਾਹਿਰਾ

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਇਕ ਦਿਨ ਅੰਮ੍ਰਿਤ ਵੇਲੇ ਹਰੀ ਮੰਦਰ ਵਿਚ ਬੈਠਿਆਂ ਇਸ ਸੁਹਾਵੇ ਮੰਦਰ ਦੇ ਸੁਹਾਵੇ ਰਸ ਨੂੰ ਅੰਦਰ ਲੈਂਦਿਆਂ ਲੈਂਦਿਆਂ ਇਕ ਨਿਮਗਨਤਾ ਜਿਹੀ ਛਾ ਗਈ। ਇਸ ਮਗਨਤਾ ਵਿਚ ਸੁਰਤ ਚੱਲੀ, ਹਾਂ ਚੱਲੀ ਹੁਣ ਸੈਂਕੜੇ ਮੀਲ ਹੇਠਾਂ ਦੱਖਣ ਦੇਸ਼ ਨੂੰ, ਕੀ ਦੇਖਦੇ ਹਾਂ, ਦੀਵਾਨ ਸਜ ਰਿਹਾ ਹੈ, ਸਿੰਘ ਗੁਰੂ ਕਲਗੀਧਰ ਦੇ ਵਿਛੋੜੇ ਵਿਚ ਬੈਠੇ ਹਨ, ਕੀਰਤਨ ਦਾ ਭੋਗ ਪਿਆ ਤਾਂ ਇਕ ਸਿੰਘ ਜੀ ਬੋਲੇ:-

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥**

{ਸੂਹੀ:ਮ:੫-੫੪ ਅੰਗ: ੭੪੯}

ਇਸ ਪਰ ਇਕ ਸੁਖਮਈ ਝਰਨਾਟ ਛਿੜੀ, ਅਰ ਸਿਦਕੀ ਤੇ ਰਸੀਏ ਜੋਧਿਆਂ ਦੇ ਮੂੰਹ ਲਾਲ ਹੋ ਗਏ। ਧਨ ਸਤਿਗੁਰ!! ਦੀ ਗੂੰਜ ਉਠੀ ਤੇ ਜੈਕਾਰੇ ਗੱਜ ਪਏ।

ਫ਼ੇਰ ਭਾਈ ਸੰਤੋਖ ਸਿੰਘ ਜੀ ਜਥੇਦਾਰ ਬੋਲੇ:- ਖ਼ਾਲਸਾ ਜੀ! ਸਤਿਗੁਰੂ ਜੀ ਨੇ ਗੁਰੂ ਖ਼ਾਲਸਾ ਥਾਪਿਆ ਹੈ ਗੁਰੂ ਗ੍ਰੰਥ ਜੀ ਦੀ ਤਾਬੇ ਤੇ ਆਪ ਸਦਾ ਵਿਚਰਨਗੇ ਖ਼ਾਲਸੇ ਵਿਚ ਤੇ ਫ਼ੁਰਮਾਯਾ ਸੀ ਕਿ ਮੈਨੂੰ ਚੋਲਾ ਛੱਡ ਜਾਣ ਤੇ



**ਤਖ਼ਤ ਸਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ, ਨਾਂਦੇੜ (ਮਹਾਂਰਾਸ਼ਟਰ)**

ਟੁਰ ਗਿਆ ਨਾ ਸਮਝਣਾ, ਮੈਂ ਤੁਸਾਂ ਦੇ ਵਿਚ ਹਾਂ, ਤੁਸਾਂ ਦੇ ਨਾਲ ਹਾਂ, ਹਾਂ 'ਸਭ ਥਾਈਂ ਹੋਇ ਸਹਾਇ' ਇਹ ਗੁਰੂ ਕਾ ਬਿਰਦ ਹੈ। ਜਿੱਥੇ ਕੋਈ ਅਰਾਧੇਗਾ ਗੁਰੂ ਬਾਹੁੜੀ ਕਰੇਗਾ, ਸਦਾ ਅੰਗ ਸੰਗ ਹੋ ਵਰਤੇਗਾ।

ਖ਼ਾਲਸਾ ਜੀ! ਸਤਿਗੁਰ ਦੇ ਘਰ 'ਗੁਰਪੁਰਬ ਸਦਾ ਦਸਾਹਿਰਾ' ਹੈ। 'ਅਵਤਾਰ ਧਾਰਨਾ' ਕਿ 'ਅੰਤਰ ਧਿਆਨ ਹੋਣਾ' ਸਤਿਗੁਰ ਦਾ ਸਦਾ ਗੁਰਪੁਰਬ ਹੈ। ਸਾਡਾ ਸਤਿਗੁਰ ਜੀਵਨ ਦਾ ਸੂਰਜ ਹੈ, ਸੂਰਜ ਸਦਾ ਚਮਕਦਾ ਹੈ। ਸੂਰਜ ਦਾ ਉਦੇ ਅਸਤ ਸੂਰਜ ਦਾ ਜਨਮ ਮਰਨ ਨਹੀਂ ਹੁੰਦਾ, ਤਿਵੇਂ ਸਤਿਗੁਰ ਦਾ ਪ੍ਰਗਟ ਹੋਣਾ ਯਾ ਅੰਤ੍ਰਧਯਾਨ ਹੋਣਾ ਆਵਾਗਵਨ ਨਹੀਂ ਹੈ, ਨਾ 'ਭਾਵ' 'ਅਭਾਵ' ਹੈ। ਸਤਿਗੁਰ ਜਾਗਤੀ ਜੋਤ ਸਦਾ ਪ੍ਰਕਾਸ਼ਮਾਨ ਹੈ। ਸਾਡੇ ਅੰਗ ਸੰਗ ਹੈ, ਸਾਡੇ ਵਿਚ ਹੈ ਜਿੱਕੂੰ:-

ਬਾਬਾ ਮੜੀ ਨ ਗੋਰ ਗੁਰ ਅੰਗਦ ਕੇ ਹੀਏ ਮੇ।

ਤਿੱਕੂੰ:-

ਕਲਗੀਆਂ ਵਾਲਾ ਨਾਥ ਟੁਰ ਨਹੀਂ ਗਿਆ, ਪੰਥ ਹੀਏ ਵਿਚਕਾਰ ਜੋਤ ਜਗਾ ਰਿਹਾ ਹੈ।

ਇਕ ਸਿੰਘ ਬੋਲਿਆ:-

ਪਰ ਤੱਤ ਤੱਤਾਂ ਵਿਚ ਰਲ ਗਏ, ਜੋਤਿ ਵਿਚ ਜੋਤਿ ਰਲ ਗਈ। ਸਤਿਗੁਰ ਸੰਪੂਰਨ ਸੀ; ਸੰਪੂਰਨ ਹੋ ਗਿਆ। ਬਾਕੀ ਕੀ?

## ਅੰਦਰ


- ਭਾਈ ਰਾਮ ਸਿੰਘ : ਮਹਾਨ ਇਮਾਰਤਸਾਜ਼ 3
- ਗੁਣਕਾਰੀ ਹਲਦੀ 6
- Guru Granth Sahib : The Guru Eternal 7
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 9
- ਸ਼ਬਦ ਵਿਆਖਿਆ 11
- ਰਿਪੋਰਟ : ਯੁਵਾ ਸਾਹਿਤੀ ਦੇ ਤਹਿਤ **ਮਾਤੇਸ਼ਵਰੀ** 'ਤੇ ਚਰਚਾ 12

ਇਕ ਹੋਰ ਅਵਾਜ਼ ਆਈ:-

1723 ਬਿ: ਸੰਮਤ ਵਿਚ ਸਤਿਗੁਰ ਪ੍ਰਗਟੇ, 1765 ਬਿ: ਵਿਚ ਜੋਤੀ ਜੋਤਿ ਸਮਾਏ, ਇਹ ਵਾਕਿਆਤ ਇੰਜ ਹੋਏ ਤੇ ਇੰਜ ਠੀਕ ਹਨ।

ਸੰਤੋਖ ਸਿੰਘ ਜੀ ਬੋਲੇ:-

ਫ਼ਿਲਸਫ਼ਾ ਤੇ ਇਤਿਹਾਸ ਆਪਣੀ ਰਾਹੇ ਟੁਰਨ, ਪਏ ਟੁਰਨ, ਪਰ ਆਤਮਕ ਦੁਨੀਆਂ ਦਾ ਸੱਚ ਤੇ ਪਰਤੱਖ ਸੱਚ ਇਉਂ ਹੈ ਕਿ-

ਸਤਿਗੁਰ ਦੀ ਜੋਤਿ ਅਜ਼ਲੀ ਜੋਤਿ ਹੈ, ਅਜ਼ਲੀ ਚੀਜ਼ ਦਾ ਆਦਿ ਅੰਤ ਨਹੀਂ, ਉਸਦਾ ਜਨਮ ਮਰਨ ਕਥਨ ਕਰਨਾ ਖ਼ਤਾ ਕਰਨੀ ਹੈ। ਉਹ ਅਜ਼ਲੀ ਜੋਤਿ ਦੇਸ਼ ਕਾਲ ਦੀ ਕੈਦ ਤੋਂ ਪਰੇ ਹੈ। ਅਸੀਂ ਸਾਰੇ ਮਨ ਵਾਲੇ, ਸੋਚ ਵਾਲੇ, ਹੱਦ ਵਾਲੇ ਲੋਕ ਹਾਂ, 'ਦੇਸ਼ ਕਾਲ' ਆਦਿ ਬਿਨਾਂ ਅਸੀਂ ਕੁਛ ਸੋਚ ਹੀ ਨਹੀਂ ਸਕਦੇ। ਅਸੀਂ ਅਜ਼ਲੀ ਜੋਤਿ ਨੂੰ ਦੇਸ਼ਕਾਲ ਦੇ ਜਾਮੇਂ ਪਹਿਨਾ ਕੇ ਕੀਕੂੰ ਸੱਚੀਆਂ ਦਲੀਲਾਂ ਕਰ ਸਕਦੇ ਹਾਂ।

ਸਤਿਗੁਰ ਦੀ ਅਜ਼ਲੀ (ਅਬਚਲੀ) ਜੋਤਿ ਆਪਣੇ ਜੋਤਿ ਸਰੂਪ ਵਿਚ 'ਅਨੰਦ' ਹੈ, ਜੇ ਚਾਹੇ ਤਾਂ ਸੰਸਾਰ ਦੇ ਕੰਮ ਕਰਦੀ ਹੈ,- ਅਰੂਪ ਰੂਪ ਰਹਿਕੇ ਕਰਦੀ ਹੈ, ਰੂਪ ਧਾਰ ਕੇ ਕਰਦੀ ਹੈ। ਗੁਰੂ ਆਖਦਾ ਹੈ ਕਿ ਮੈਂ ਸਦਾ ਜੀਉਂਦਾ ਹਾਂ। ਮੈਂ ਅਵਧੂਤ ਬੀ ਹਾਂ, ਰਸਾਲ ਬੀ ਹਾਂ। 'ਪੁਰਖ ਰਸਿਕ' ਬੀ ਹਾਂ, 'ਬੈਰਾਗੀ' ਬੀ ਹਾਂ। ਮੈਂ 'ਅਰੂਪ' ਬੀ ਹਾਂ, 'ਰੂਪ' ਬੀ ਹਾਂ, 'ਅਰੂਪ ਰੂਪ' ਬੀ ਹਾਂ। ਮੈਂ 'ਖੇਲ' ਬੀ ਹਾਂ, 'ਅਖੇਲ' ਬੀ ਹਾਂ, 'ਅਖੇਲ ਖੇਲਨ' ਬੀ ਹਾਂ। ਮਿੱਤ੍ਰੋ! ਸਿੱਖ ਹਾਂ, ਸਿੱਖ ਪਦ ਵਿਚ ਗੁਰੂ ਪਦ ਦੀ ਸੰਭਾਵਨਾ ਹੈ। ਸੋ ਤੁਸਾਡਾ ਗੁਰੂ ਹੈ, ਉਹ ਗੁਰੂ ਸਦਾ ਜੀਉਂਦਾ ਹੈ, ਉਸ 'ਸਦਾ ਜੀਵਨ' ਨੇ ਸਦਾ ਸੰਸਾਰ ਦੇ ਜੀਵਾਂ ਨੂੰ 'ਜੀਅਦਾਨ' ਦੇਣਾ ਹੈ। ਅਸੀਂ ਤਾਂ ਦੇਹ ਦੇ ਦਰਸ਼ਨ ਪਾਏ, ਹਜ਼ਾਰਾਂ ਲੱਖਾਂ ਸਾਥੋਂ ਮਗਰੋਂ ਆਉਣਗੇ, ਸਿੱਖ ਅਖਾਉਣਗੇ, ਸਿੱਖੀ ਸਿਦਕ ਪਾਲਨਗੇ, ਸਤਿਗੁਰ ਨੂੰ ਮਿਲਨਗੇ। ਕੀਕੂੰ? ਵੀਚਾਰ ਕਰੋ।..... ਜੇ ਤੁਸਾਂ ਸਤਿਗੁਰ ਨੂੰ ਨਿਰੇ ਫ਼ਿਲਸਫ਼ੇ ਤੇ ਇਤਿਹਾਸ ਦੇ ਖੋਪਿਆਂ ਨਾਲ ਤੱਕਿਆ ਤੇ ਇਹ ਖੋਪੇ ਅਗੋਂ ਆਪਣੀ ਆਲ-ਉਲਾਦ ਨੂੰ ਦੇ ਦਿੱਤੇ ਤਾਂ ਸਤਿਗੁਰ ਤੋਂ ਲਾਭ ਕੌਣ ਉਠਾਊ? ਉਹ ਦਿਨ ਹਾਇ ਹਾਇ ਦਾ ਹੋਊ, ਸ਼ੋਕ ਦਾ ਹੋਊ, ਜਿਸ ਦਿਨ ਖ਼ਾਲਸਾ ਸਤਿਗੁਰ ਨੂੰ "ਜਾਗਤਾ ਦੇਉ" ਨਾ ਸਮਝੂ, ਜਿਸ ਦਿਨ ਸਤਿਗੁਰ ਜੀ ਦੀ ਹੋਂਦ ਦਾ ਧਜਾਨ ਪੰਥ ਵਿਚ ਨਾ ਰਹੂ, ਜਿਸ ਦਿਨ ਸਤਿਗੁਰੂ ਸਿੱਖੀ ਦਾ ਆਦਰਸ਼ ਨਾ ਰਹੂ। ਹਾਵਿਆਂ ਵਾਲਾ ਹੋਊ ਉਹ ਦਿਨ, ਜਿਸ ਦਿਨ ਸਿੱਖ ਸੇਵਾ, ਉਪਕਾਰ, ਪੰਥ ਦਾ ਕੰਮ ਕਰਨਗੇ, ਪਰ ਹੀਏ ਵਿਚ ਸਤਿਗੁਰ ਦਾ ਚਾਉ ਤੇ ਸਾਰਾ ਕੁਛ ਉਸਨੂੰ ਸਮਰਪਨ ਕਰਨ ਦਾ ਉਮਾਹ ਨਹੀਂ ਧਾਰਨਗੇ। ਉਸ ਦਿਨ ਸਿੱਖ ਮਨਮੁਖ ਹੋ ਜਾਣਗੇ, ਜਿਸ ਦਿਨ ਸਤਿਗੁਰ ਨੂੰ ਭੁਲਾ ਦੇਣਗੇ। ਹਾਂ, ਜਦ ਤਕ ਸਿਖ ਸਤਿਗੁਰ ਨੂੰ ਆਦਰਸ਼ ਬਨਾਈ ਰੱਖਣਗੇ, ਸਤਿਗੁਰ ਨੂੰ (ਖ਼ਿਆਲੀ ਨਹੀਂ ਸਗੋਂ) ਸੱਚੀ ਅਜ਼ਲੀ ਜੋਤ ਜਾਨਣਗੇ; ਜੋ ਕੰਮ ਕਰਨਗੇ, ਉਸਦਾ ਹੁਕਮ ਜਾਣਕੇ ਕਰਨਗੇ, ਜੋ ਸੇਵਾ ਸ਼ੁਭ ਗੱਲਾਂ ਕਮਾਉਣਗੇ ਉਹਦੇ ਚਰਨਾਂ ਵਿਚ ਭੇਟ ਧਰਨਗੇ, ਤਦ ਤਕ ਸਿਖ ਸਿਖ ਰਹਿਣਗੇ। ਸੋ ਮਿਲੇ ਰਹੋ ਮਿਲੇ ਰਹੋ ਸਦਾ ਸਤਿਗੁਰ ਨੂੰ।

ਖ਼ਾਲਸਾ ਜੀ! ਅਸੀਂ ਸ਼ੋਕ ਵਿਚ ਪੈ ਰਹੇ ਹਾਂ, ਢਹਿੰਦੀਆਂ ਕਲਾਂ ਵਿਚ ਚਲੇ ਗਏ ਹਾਂ, ਬੇਅਦਬ ਹੋ ਚਲੇ ਹਾਂ। ਅਜ਼ਲੀ ਜੋਤ ਦੇ 'ਉਦੇ ਅਸਤ' ਦੇ ਵਹਿਮ ਵਿੱਚ ਪੈ ਗਏ ਹਾਂ, ਜਿਵੇਂ ਮੂਰਖ ਸੂਰਜ ਦੇ ਉਦੇ ਅਸਤ ਨੂੰ ਉਸਦਾ ਸਚਮੁਚ ਚੜ੍ਹਨਾ ਤੇ ਡੁਬਣਾ ਸਮਝਦੇ ਹਨ, ਸੂਰਜ ਸਦਾ ਚੜ੍ਹਿਆ ਹੈ। ਉਦੈ ਹੋਣ ਤੋਂ ਪਹਿਲਾਂ ਤੇ ਅਸਤ ਹੋਣ ਤੋਂ ਮਗਰੋਂ ਸੂਰਜ ਸਦਾ ਹੈ, ਕਦੇ 'ਨਹੀਂ ਹੈ' ਨਹੀਂ ਹੁੰਦਾ। ਹਾਂ, ਅਸੀਂ ਅੱਜ ਸਤਿਗੁਰ ਦੇ ਜਨਮ ਚਲਾਣੇ ਦੇ ਹਰਖ ਸ਼ੋਕ ਵਿਚ ਹਾਂ, ਛੱਡੋ ਇਹ ਅਗਿਆਨ, ਆਤਮ ਸੱਚ ਵੱਲ ਤੱਕੋ। ਸਤਿਗੁਰ ਦਾ ਅਵਤਾਰ ਤੇ ਅੰਤਰਧਿਆਨ ਹੋਣਾ ਦੋ ਕੌਤਕ ਹਨ, ਓਹ ਸਦਾ ਇਕ ਰਸ ਦਿਪਤ ਹਨ। ਸਾਡੇ ਲਈ ਦੋਇ ਕੌਤਕ ਦੇ ਦਿਨ ਗੁਰਪੁਰਬ ਹਨ, ਦੋਵੇਂ ਖੁਸ਼ੀਆਂ ਦੇ ਦਿਨ ਹਨ, ਦੋਵੇਂ ਰੱਬੀ ਭੇਤ ਹਨ, ਦੋਵੇਂ ਪ੍ਰਤੱਖ ਸੱਚ ਹਨ। ਸਤਿਗੁਰ ਦੀ ਜੋਤ ਅਬਚਲ ਹੈ, ਇਕ ਰਸ ਹੈ। ਸਿਖ ਤੇ ਸਤਿਗੁਰ ਦਾ ਸ੍ਰੀਰ ਤੱਕ ਦਾ ਨਾਤਾ ਨਹੀਂ, ਇਹ ਨਾਤਾ ਆਤਮ ਨਾਤਾ ਹੈ। ਆਤਮਾ ਨਿੱਤ ਹੈ, ਨਾਤਾ ਨਿੱਤ ਹੈ। ਵੀਰੋ! ਹੰਭਲਾ ਮਾਰੋ, ਉੱਚੀ ਅਟਾਰੀ ਤੇ ਸੁਰਤ ਕਰਕੇ ਤੱਕੋ! ਤੁਸੀਂ ਰੰਡੀਆਂ, ਛੁੱਟੜਾਂ, ਕੁਆਰੀਆਂ ਵਾਂਙੂ ਨਹੀਂ, ਤੁਸੀਂ ਸੁਹਾਗਣਾਂ ਵਾਂਙੂ ਹੋ ਜਿਨ੍ਹਾਂ ਦੇ ਸਿਰ ਤੇ ਥਿਰ ਸੁਹਾਗ ਹੈ, ਐਸਾ ਸੁਹਾਗ ਹੈ ਜੋ:-

**'ਨਾ ਓਹੁ ਮਰੈ ਨ ਹੋਵੈ ਸੋਗੁ' ਹੈ।**

ਹਾਂ, ਅੱਜ ਸ਼ੋਕ ਦਾ ਦਿਨ ਨਹੀਂ, ਅੱਜ ਬੀ ਖੁਸ਼ੀ ਦਾ ਦਿਨ ਹੈ। ਪਰ ਤਾਂ, ਜੇ ਅਸੀਂ ਸਿਦਕ ਦੀ ਐਨਕ ਨਾਲ ਸਤਿਗੁਰ ਦੇ ਅਸਲ ਸਰੂਪ ਨੂੰ ਤੱਕੀਏ। ਤਕੜੇ ਹੋਵੋ ਅਰ ਆਖੋ:-

"ਸਤਿਗੁਰ ਮੜੀ ਨ ਗੋਰ, ਗੁਰੂ ਪੰਥ ਦੇ ਹ੍ਰਿਦੇ ਵਿਚ; ਲਿਵ ਦੀ ਲਗੀ ਡੋਰ, ਹਾਜ਼ਰ ਦਿੱਸੇ ਜ਼ਾਹਰਾ।"

ਇਤਿਹਾਸਕਾਰ ਦੇ ਮਗਰ ਲੱਗ ਕੇ 'ਆਤਮ ਸੱਚ' ਨੂੰ ਨਾ ਗੁਆਓ। ਇਤਿਹਾਸਕਾਰ ਹਨੇਰੇ ਵਿਚ ਹੈ, ਕੇਵਲ ਛਿੱਲੜ ਤੱਕਦਾ ਹੈ, ਉਸਨੂੰ ਗਿਰੀ ਤੇ ਗਿਰੀ ਦੀਆਂ ਸ਼ਕਤੀਆਂ ਦਾ ਪਤਾ ਨਹੀਂ ਹੈ। ਫ਼ਿਲਸਫ਼ੇ ਵਾਲਾ ਗੇਣਤੀ ਵਿਚ ਹੈ; ਉਸ ਨੂੰ ਅਸੰਖ ਪਦ ਦਾ ਪਤਾ ਨਹੀਂ, ਉਸ ਨੂੰ ਅਮੁੱਲ ਦੀ ਗਜਾਤ ਅਜੇ ਨਹੀਂ ਆਈ। ਹਾਂ ਭਾਈਓ! ਟਿੰਡਾਂ ਬੈਠ ਕੇ ਕੁਮਿਹਾਰ ਦਾ ਪਾਰਾਵਾਰ ਲੈਂਦੀਆਂ ਹਨ। ਸਿਖ ਬਣੋਂ, ਹਨੇਰੇ ਵਿੱਚੋਂ ਨਿਕਲੋ, ਸੁਰਤੇ ਹੋ ਕੇ ਚਾਉ ਵਿਚ ਤੱਕੋ, ਸਤਿਗੁਰ ਸਦਾ ਜਾਗਦੀ ਜੋਤ ਹੈ। ਉਹ ਜਿਕੂੰ ਸਾਡੇ ਵਿਚ ਸਾਡੇ ਵਰਗੇ ਕਾਗ਼ਜ਼ੀ ਤਖਤੇ ਤੇ ਮੂਰਤ ਦਿਖਾ ਗਏ ਹਨ, ਉਹ ਅਮੂਰਤ ਤਖਤ ਉਤੇ ਉਸੀ ਤਰ੍ਹਾਂ ਮੂਰਤੀਮਾਨ ਹਨ। ਹਾਂ ਹਾਂ ਸਤਿਗੁਰ ਸਾਡਾ:- ਹਲਤ ਪਲਤ ਸੁਆਰਨਗੇ, ਸਾਡੇ ਬੰਧਨ ਕੱਟਣਗੇ। ਸਤਿਗੁਰ ਦਾ ਬਿਰਦ ਹੈ:-

**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ॥** {ਆਸਾ ਮਹਲਾ ੫-੨੯ ਅੰਗ: ੪੦੩}

ਜਿਵੇਂ ਬਰਫ਼, ਜੋ ਤੁਸੀਂ ਨਿੱਗਰ ਤੱਕ ਰਹੇ ਹੋ ਪਾਣੀ ਹੈ। ਪਾਣੀ ਭਾਫ਼ ਬਣਕੇ ਪੌਣ ਰੂਪ ਹੋ ਜਾਂਦਾ ਹੈ। ਤਿਵੇਂ ਸ਼ਰੀਰ, ਮਨ, ਬੁੱਧੀ ਸਭ ਇਕੋ ਆਤਮਾ ਦੇ ਆਪਣੇ ਕੋਈ ਚੋਜ ਹਨ। ਜੀਵ ਦੀ ਆਤਮਾ ਜਦੋਂ ਸੁਤੰਤ੍ਰ ਤੇ ਨਿਰਭੈ ਪਦ ਤੇ ਹੋ ਜਾਵੇ ਫ਼ਿਰ ਉਸ ਦੇ ਅਗੇ ਉਹ ਕੁਛ ਸੰਭਵ ਹੈ ਜੋ ਸਾਡੇ ਅਗੇ ਨਹੀਂ। ਤੁਸੀਂ ਸਤਿਗੁਰ ਦੀ ਜੋਤ ਤੇ ਈਮਾਨ ਧਰੋ, ਜੋ ਅਜ਼ਲੀ ਹੈ। ਮੇਰਾ ਜੀ ਇਹ ਕਰਦਾ ਹੈ ਕਿ ਫੋਕੇ ਗਿਆਨ ਨੂੰ ਬੀ ਦੂਰ ਰੱਖੋ, ਸਤਿਗੁਰ ਨੂੰ ਉਂਞ ਹੀ ਆਪਣੇ ਵਿਚ ਸਹਾਈ ਸਿਰ ਉਤੇ ਅੰਗ ਸੰਗ ਜਾਣੋ। 'ਸਤਿਗੁਰ ਹੈ', ਇਸ ਨਿਰੀ ਸੋਚ ਵਿਚ ਨਾਂ ਪਵੋ, ਸਦਾ ਲਿਵ ਵਿਚ ਰਹੋ। ਫ਼ੇਰ ਗੁਰਸਿਖ ਦੀ ਸੰਧਿ ਸਦਾ ਗੁਰੂ ਨਾਲ ਮਿਲੀ ਹੈ। ਆਓ ਸ਼ੋਕ ਦੂਰ ਕਰੀਏ ਸਾਨੂੰ ਸ਼ੋਕ ਕਾਹਦਾ?

**"ਨਾ ਓਹੁ ਮਰੈ ਨ ਹੋਵੈ ਸੋਗੁ॥"** {ਆਸਾ: ਮ: ੧-੨}

**-ਸ੍ਰੀ ਕਲਗੀਧਰ ਚਮਤਕਾਰ, ਉਤਰਾਰਧ**

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਭਾਈ ਰਾਮ ਸਿੰਘ : ਮਹਾਨ ਇਮਾਰਤਸਾਜ਼

❖ ਹਰਪਾਲ ਸਿੰਘ ਪੰਨੂ

ਇੱਕ ਦਸੰਬਰ 1896 ਵਿੱਚ ਰਾਮ ਸਿੰਘ ਵਾਈਸ ਪ੍ਰਿੰਸੀਪਲ ਹੋ ਗਿਆ ਪਰ ਸਰਕਾਰੀ ਰਿਕਾਰਡ ਵਿੱਚ ਉਸਦਾ ਰੁਤਬਾ ਡ੍ਰਾਇੰਗ ਮਾਸਟਰ ਦਾ। ਗਵਰਨਰ ਉਸਦੇ ਨਕਸ਼ਿਆਂ ਦੀ ਭਰਪੂਰ ਦਾਦ ਦਿੰਦਾ ਪਰ ਰੁਤਬਾ ਨਹੀਂ ਵਧਾਉਣਾ। ਰਾਮ ਸਿੰਘ ਨੇ 1800 ਵਿਦਿਆਰਥੀਆਂ ਦੇ ਪੜ੍ਹਨ ਯੋਗ ਇਮਾਰਤ ਦੀ ਵਿਉਂਤ ਬਣਾਈ ਸੀ ਜਿਸ ਵਿੱਚ 100×54 ਫੁੱਟ ਦਾ ਹਾਲ ਹੋਵੇਗਾ। ਸਾਰੀ ਇਮਾਰਤ ਦਾ ਫਰੰਟ 500 ਫੁੱਟ ਤੇ ਬਿਲਡਿੰਗ ਤਿੰਨ ਮੰਜ਼ਲੀ ਹੋਵੇਗੀ। ਕੇਂਦਰੀ ਦਰਵਾਜ਼ੇ ਉੱਪਰ 116 ਫੁੱਟ ਉੱਚਾ ਗੁੰਬਦ ਹੋਵੇਗਾ ਜਿਸਦੇ ਚਾਰੇ ਪਾਸੇ 6 ਫੁੱਟ ਵਿਆਸ ਦੇ ਡਾਇਲ ਵਾਲੇ ਚਾਰ ਘੰਟੇ ਹੋਣਗੇ। ਰਾਮ ਸਿੰਘ ਤਿੰਨ ਮੰਜ਼ਲੀ ਇਮਾਰਤ ਉਸਾਰਨੀ ਚਾਹੁੰਦਾ ਸੀ ਪਰ ਖਰਚੇ ਦੇ ਡਰੋਂ ਦੋ ਮੰਜ਼ਲੀ ਰਹਿਣ ਦਿੱਤੀ। ਘਟਾਉਂਦਿਆਂ ਘਟਾਉਂਦਿਆਂ ਵੀ ਖਰਚਾ ਪੰਜ ਲੱਖ ਤੱਕ ਪੁੱਜ ਗਿਆ ਪਰ 9 ਅਕਤੂਬਰ 1910 ਨੂੰ ਜਦੋਂ ਉਦਘਾਟਨ ਹੋਇਆ ਉਦੋਂ ਵੀ ਇਮਾਰਤ ਪੂਰੀ ਨਹੀਂ ਸੀ। ਸਾਲ 1916 ਵਿੱਚ ਭਾਈ ਰਾਮ ਸਿੰਘ ਦੇ ਦੇਹਾਂਤ ਤੱਕ ਪ੍ਰਿੰਸੀਪਲ ਦਾਨੀਆਂ ਅੱਗੇ ਪੈਸਿਆਂ ਦੀਆਂ ਅਪੀਲਾਂ ਕਰਦਾ ਫਿਰ ਰਿਹਾ ਸੀ।

1912-13 ਵਿੱਚ ਰਾਮ ਸਿੰਘ ਨੇ ਇਸਲਾਮੀਆਂ ਕਾਲਜ ਪੇਸ਼ਾਵਰ ਤਾਮੀਰ ਕੀਤਾ, ਇਸ ਪਿੱਛੋਂ ਖਾਲਸਾ ਕਾਲਜ ਗੁਜਰਾਂਵਾਲਾ ਬਣਾਇਆ।

ਅਕਤੂਬਰ 15, 1894 ਨੂੰ ਉਹਨੂੰ ਜੂਨੀਅਰ ਗਜ਼ਟਿਡ ਅਫ਼ਸਰ ਵਜੋਂ ਮਾਨਤਾ ਮਿਲੀ ਸੀ ਤੇ ਕਾਰਜਕਾਰੀ ਵਾਈਸ ਪ੍ਰਿੰਸੀਪਲ ਲਾ ਦਿੱਤਾ। ਦੋ ਸਾਲ ਬਾਅਦ ਕਾਰਜਕਾਰੀ ਪ੍ਰਿੰਸੀਪਲ ਦੇ ਹੁਕਮ ਆ ਗਏ। ਕਿਪਲਿੰਗ ਚਲਾ ਗਿਆ ਸੀ, ਉਸਦੀ ਥਾਂ ਐੱਫ.ਐੱਚ. ਐਂਡ੍ਰਿਊਜ਼ ਆ ਗਿਆ ਜੋ ਥੋੜ੍ਹੇ ਸਮੇਂ ਬਾਅਦ ਇੱਕ ਸਾਲ ਦੀ ਛੁੱਟੀ ਲੈ ਕੇ ਇੰਗਲੈਂਡ ਪਰਤ ਗਿਆ। ਉਸਨੇ ਸੂਚਨਾ ਭੇਜ ਦਿੱਤੀ ਕਿ ਮੈਂ ਵਾਪਸ ਇੰਡੀਆ ਨਹੀਂ ਆਉਣਾ। ਰਾਮ ਸਿੰਘ ਦੀ ਇੱਛਾ ਸੀ ਸਰਕਾਰ ਉਸਨੂੰ ਰੈਗੁਲਰ ਪ੍ਰਿੰਸੀਪਲ ਨਿਯੁਕਤ ਕਰੇ ਪਰ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ। ਜਿਸ ਸ਼ਖ਼ਸ ਦੀ ਮੰਗ ਸਾਰੀ ਦੁਨੀਆ ਵਿੱਚ ਹੋਵੇ, ਸਰਕਾਰ ਨਿੱਕੇ ਜਿਹੇ ਸਕੂਲ ਦਾ ਪ੍ਰਿੰਸੀਪਲ ਲਾਉਣ ਲਈ ਰਜ਼ਾਮੰਦ ਨਹੀਂ ਹੋ ਰਹੀ। ਰਾਮ ਸਿੰਘ ਉਦਾਸ ਹੋਇਆ।

ਲੈਫਟੀਨੈਂਟ ਗਵਰਨਰ ਡੇਨਿਸ 1893 ਵਿੱਚ ਪੰਜਾਬ ਐਗਜ਼ੀਬੀਸ਼ਨ ਦਾ ਉਦਘਾਟਨ ਕਰਨ ਲਾਹੌਰ ਮਿਊਜ਼ੀਅਮ ਵਿੱਚ ਆਇਆ। ਆਪਣੇ ਭਾਸ਼ਣ ਵਿੱਚ ਉਸਨੇ ਕਿਹਾ, "ਮੈਂ ਬੜੀ ਸਾਦਗੀ ਨਾਲ ਰਹਿ ਰਿਹਾ ਹਾਂ। ਮਾਨਯੋਗ ਮਲਿਕਾ ਨੇ ਮੈਨੂੰ ਕਿਹਾ ਸੀ ਮੈਂ ਗਵਰਨਰ ਹਾਊਸ ਦੀ ਸਜਾਵਟ ਭਾਈ ਰਾਮ ਸਿੰਘ ਤੋਂ ਕਰਵਾਵਾਂ। ਤੁਹਾਨੂੰ ਪਤਾ ਹੈ ਮੇਰਾ ਡ੍ਰਾਇੰਗ ਰੂਮ ਬਰਤਾਨਵੀ ਭਾਰਤ ਵਿੱਚ ਸਭ ਤੋਂ ਵੱਧ ਖਸਤਾ ਹਾਲਤ ਵਿਚ ਹੈ। ਇਸ ਵਾਸਤੇ ਡਿਜ਼ਾਈਨ ਤਿਆਰ ਕੀਤਾ ਗਿਆ ਤੇ ਸਜਾਵਟ ਦੀ ਰਕਮ 12 ਤੋਂ 14 ਹਜ਼ਾਰ ਤੱਕ ਅੰਗੀ ਗਈ। ਜਿਹੋ ਜਿਹੇ ਹਾਲਾਤ ਵਿੱਚੋਂ ਦੀ ਲੰਘ ਰਹੇ ਹਾਂ, ਮੈਨੂੰ ਇਨੀ ਕੁ ਰਕਮ ਖਰਚਣੀ ਵੀ ਚੁਭਦੀ ਹੈ। ਤੁਸੀਂ ਦੇਖ ਲੈਣਾ ਕਈ ਸਾਲ ਇਹ ਕੰਮ ਲਟਕਿਆ ਰਹੇਗਾ। ਮੇਰੇ ਨਾਲੋਂ ਤਾਂ ਰਿਆਸਤੀ ਰਾਜੇ ਸੌਖੇ ਨੇ ਜਿਹੜੇ ਭਾਈ ਰਾਮ ਸਿੰਘ ਨੂੰ ਮੁਰੰਮਤਾਂ ਸਜਾਵਟਾਂ ਦਾ ਕੰਮ ਦੇ ਰਹੇ ਹਨ। ਮੈਂ ਆਪਣੇ ਡ੍ਰਾਇੰਗ ਰੂਮ ਵਿੱਚ ਮਾੜਾ ਮੋਟਾ ਕੰਮ ਕਰਾ ਲਵਾਂਗਾ।"



**ਖਾਲਸਾ ਕਾਲਜ, ਅੰਮ੍ਰਿਤਸਰ ਦਾ ਮੁੱਖ-ਦਵਾਰ**

ਸ਼ਿਮਲੇ ਸਥਿਤ ਵਾਇਸਰਾਏ ਭਵਨ ਦੀ ਸਜਾਵਟ ਵਾਸਤੇ ਸੁਨੇਹੇ ਆਉਂਦੇ ਹੀ ਰਹਿੰਦੇ। ਕੰਮ ਇੰਨਾ ਵਧ ਗਿਆ ਕਿ ਆਖ਼ਰ ਉਸਨੇ Ram Singh MVO & Sons ਨਾਮ ਦੀ ਕੰਪਨੀ ਰਜਿਸਟਰ ਕਰਵਾਈ ਜਿਸ ਨੂੰ ਮਿਲੇ ਆਰਡਰਾਂ ਤੇ ਉਸਦੇ ਬੇਟੇ ਕੰਮ ਕਰਦੇ। ਜਦੋਂ ਲਲਿਤ ਮਹਿਲ ਮੈਸੂਰ ਦੀ ਛੱਤ ਦਾ ਡਿਜ਼ਾਈਨ ਬਣਾਉਣ ਗਿਆ ਤਾਂ ਦੂਰ ਦੇ ਪੈਂਡੇ ਵਿੱਚ ਆਉਂਦਿਆਂ ਜਾਂਦਿਆਂ ਮਹਿਲਾਂ ਦੀ ਮੰਗ ਪੂਰਤੀ ਕਰਦਾ ਗਿਆ। ਕਪੂਰਥਲਾ, ਪਟਿਆਲਾ, ਮਲੇਰਕੋਟਲਾ, ਨਾਭਾ, ਜੰਮੂ ਕਸ਼ਮੀਰ, ਪੇਸ਼ਾਵਰ, ਬਹਾਵਲਪੁਰ ਦੇ ਮਹਿਲ ਸ਼ਿੰਗਾਰੇ। ਆਖ਼ਰ ਸਟੇਟ ਦੇ ਸਕੱਤਰ ਨੂੰ ਖ਼ਤ ਲਿਖਣਾ ਪਿਆ, "ਲਾਹੌਰ ਦੀ ਨਵੀਂ ਵਿਧਾਨ ਕੌਂਸਲ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਕੰਮ ਨਿਪਟਾ ਕੇ ਭਾਈ ਰਾਮ ਸਿੰਘ ਕਿਤੇ ਹੋਰ ਜਾਣਗੇ। ਉਦੋਂ ਤੱਕ ਇੰਤਜ਼ਾਰ ਕਰੋ। ਕੋਈ ਸ਼ੇਖੀਖੋਰ ਨਵਾਬਜ਼ਾਦਾ ਆਏ ਮਹਿਮਾਨਾਂ ਨੂੰ ਆਪਣੇ ਦਰਬਾਰ-ਹਾਲ ਦੀ ਸਜਾਵਟ ਦਿਖਾ ਕੇ ਆਖਦਾ- ਇਹ ਭਾਈ ਰਾਮ ਸਿੰਘ ਦਾ ਕੰਮ ਹੈ। ਦੇਖ ਕੇ ਦਰਸ਼ਕ ਆਖ ਦਿੰਦਾ- ਇਹੋ ਜਿਹਾ ਹਲਕਾ ਕੰਮ ਭਾਈ ਰਾਮ ਸਿੰਘ ਹਰਗਿਜ਼ ਨਹੀਂ ਕਰਦੇ।

ਰਾਜਧਾਨੀ ਹੋਣ ਕਰਕੇ ਪੰਜਾਬ ਦੇ ਰਾਜਿਆਂ ਨੂੰ ਲਾਹੌਰ ਆਉਣਾ ਜਾਣਾ ਪੈਂਦਾ, ਹਰੇਕ ਨੇ ਆਪੋ ਆਪਣੇ ਮਹਿਲ ਬਣਵਾਏ। ਨਾਭੇ ਦੀ ਲਾਲ ਕੋਠੀ ਜੋ ਹੁਣ ਢਹਿਣ ਕਿਨਾਰੇ ਹੈ, ਰਾਮ ਸਿੰਘ ਨੇ ਬਣਵਾਈ ਸੀ। ਪਟਿਆਲਾ ਮਹਿਲ

ਦਾ ਦਰਬਾਰ ਹਾਊਸ ਅਤੇ ਚੀਫ ਜਸਟਿਸ ਪਟਿਆਲਾ ਸ੍ਰ. ਭਗਵਾਨ ਸਿੰਘ ਦੀ ਅਦਾਲਤ ਅਤੇ ਕੋਠੀ ਬਣਾਈ। ਦੂਜੀ ਵਾਰ ਫਿਰ ਮੈਸੂਰ ਜਾਣਾ ਪਿਆ ਕਿਉਂਕਿ ਮਹਾਰਾਜੇ ਨੇ ਆਪਣੇ ਪਿਤਾ ਦੇ ਬੁੱਤ ਉੱਪਰ ਛਤਰੀ ਬਣਵਾਉਣੀ ਸੀ। ਪਟਿਆਲੇ ਦੇ ਰਾਜੇ ਨੂੰ ਸਾਰੀਆਂ ਰਿਆਸਤਾਂ ਦਾ ਸੀਨੀਅਰ ਮੰਨਿਆ ਗਿਆ ਇਸ ਕਰਕੇ ਉਸਦਾ ਮਹਿਲ ਗਵਰਨਰ ਹਾਊਸ ਨੇੜੇ ਬਣਾਇਆ ਗਿਆ। ਇਸ ਵਿੱਚ ਹੁਣ ਪਰਲ ਕੰਟੀਨੈਂਟਲ ਹੋਟਲ ਚੱਲ ਰਿਹਾ ਹੈ। ਅਠਕੋਨੇ ਗੁਸਲਖਾਨੇ ਬਣਾਉਂਦਾ ਜਿਨ੍ਹਾਂ ਦਾ ਇੱਕ ਦਰਵਾਜ਼ਾ ਅੰਦਰਲੇ ਪਾਸੇ ਹੁੰਦਾ ਤੇ ਉਪਰਲੀਆਂ ਮੰਜ਼ਲਾਂ ਦੇ ਗੁਸਲਖਾਨਿਆਂ ਤੱਕ ਸਫ਼ਾਈ ਸੇਵਕਾਂ ਦੇ ਪੁੱਜਣ ਲਈ ਬਾਹਰਲੇ ਪਾਸਿਓਂ ਲੋਹੇ ਦੀਆਂ ਵਲਦਾਰ ਪੌੜੀਆਂ ਫਿਕਸ ਕਰਦਾ। ਉਦੋਂ ਅਜੇ ਫਲੱਸ਼ ਸਿਸਟਮ ਨਹੀਂ ਹੁੰਦਾ ਸੀ।

ਜਿੱਥੇ ਕਿਸੇ ਪੱਥਰ ਉੱਤੇ ਆਪਣਾ ਨਾਮ ਖੁਣਦਾ, ਰਾਮ ਸਿੰਘ ਬਾਅਦ ਐੱਮ.ਵੀ.ਓ. ਜ਼ਰੂਰ ਲਿਖਦਾ। ਮੰਦਰ, ਮਸਜਿਦ, ਗੁਰਦੁਆਰਾ ਬਣਾਉਂਦਾ, ਉੱਥੇ ਨਾਮ ਨਾ ਲਿਖਦਾ। ਦਰਬਾਰ ਸਾਹਿਬ ਦੀ ਨਕਾਸ਼ੀ ਮੁਰੰਮਤ ਮੰਗਦੀ ਸੀ, ਸੰਗਮਰਮਰ ਤ੍ਰੇੜੀ ਗਈ ਸੀ, ਕੀਮਤੀ ਪੱਥਰ ਗਾਇਬ ਸਨ, ਧਰਮ ਦੀ ਸੇਵਾ ਕੀਤੀ। ਹਰਿਮੰਦਰ ਸਾਹਿਬ ਦੇ ਸਰੋਵਰ ਵਿੱਚ ਇਸ਼ਨਾਨ ਕਰਦੇ ਸ਼ਰਧਾਲੂਆਂ ਦੇ ਡੁੱਬਣ ਦੀਆਂ ਦੁਰਘਟਨਾਵਾਂ ਹੋਣ ਲੱਗੀਆਂ ਤਦ ਰਾਮ ਸਿੰਘ ਨੇ ਮਾਰਬਲ ਦੀ ਰੇਲਿੰਗ ਫਿਕਸ ਕੀਤੀ। ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦਗਾਰ ਵੱਜੋਂ ਅੰਮ੍ਰਿਤਸਰ ਵਿੱਚ ਉਸਾਰੇ ਗੁਰਦੁਆਰੇ ਦੀਆਂ ਸੰਗਮਰਮਰੀ ਸਿਲਾਂ ਉੱਪਰ, ਸ਼ਹੀਦ ਹੋਏ 21 ਯੋਧਿਆਂ ਦੇ ਨਾਮ ਹਨ, ਰਾਮ ਸਿੰਘ ਦਾ ਨਾਮ ਨਹੀਂ। ਇਨ੍ਹਾਂ ਸ਼ਹੀਦਾਂ ਦੇ ਵਾਰਸਾਂ ਨੂੰ ਸਰਕਾਰ ਨੇ ਪੰਜਾਹ ਪੰਜਾਹ ਏਕੜ ਜ਼ਮੀਨ ਅਤੇ ਪੰਜ ਪੰਜ ਸੌ ਰੁਪਏ ਸਤਿਕਾਰ ਵਜੋਂ ਦਿੱਤੇ ਸਨ। ਰਾਮ ਸਿੰਘ ਨੂੰ ਕਿਹਾ ਗਿਆ ਇੱਕ ਹੋਰ ਗੁਰਦੁਆਰਾ ਇਨ੍ਹਾਂ ਯੋਧਿਆਂ ਦੀ ਯਾਦਗਾਰ ਵਿੱਚ ਮੁਕਤਸਰ ਜਾਂ ਤਰਨ ਤਾਰਨ ਉਸਾਰਨਾ ਹੈ, ਨਕਸ਼ਾ ਤਿਆਰ ਕਰੋ। ਨਕਸ਼ਾ ਤਿਆਰ ਕਰ ਦਿੱਤਾ ਪਰ ਯਾਦਗਾਰ ਫਿਰੋਜ਼ਪੁਰ ਵਿਚ ਬਣੀ ਜੋ ਚੌਥੀ ਸਿੱਖ ਬਟਾਲੀਅਨ ਦਾ ਹੈੱਡ ਕੁਆਟਰ ਸੀ। ਅੰਮ੍ਰਿਤਸਰ ਵਾਲਾ ਗੁਰਦੁਆਰਾ ਚੌਰਸ ਹੈ ਪਰ ਫਿਰੋਜ਼ਪੁਰ ਵਾਲਾ ਅਠਕੋਣਾ।

1886 ਵਿੱਚ ਇੰਡੋ ਕੋਲੋਨੀਅਲ ਨੁਮਾਇਸ਼ ਲੰਡਨ ਵਿੱਚ, 1888 ਗਲਾਸਗੋ ਵਿੱਚ, 1889 ਬੰਬੇ ਵਿੱਚ ਆਰਟ ਐਗਜ਼ੀਬੀਸ਼ਨਜ਼ ਲੱਗੀਆਂ ਜਿੱਥੇ ਭਾਰਤ ਦੀ ਨੁਮਾਇੰਦਗੀ ਰਾਮ ਸਿੰਘ ਕਰਦਾ। ਹਰ ਥਾਂ 250 ਫੁੱਟ ਦਾ ਲੱਕੜ ਦਾ ਪਰਦਾ ਲਿਜਾਂਦਾ ਜਿਸ ਉੱਪਰ ਉਸਨੇ ਖ਼ੁਦ ਖੁਣਾਈ ਕੀਤੀ ਹੋਈ ਸੀ, ਫੁੱਲ ਬੂਟਿਆਂ ਦੇ ਬਾਗ ਵਿੱਚ ਪਸ਼ੂ ਪੰਛੀ, ਪੈਲਾਂ ਪਾਉਂਦੇ ਮੋਰ ਉਕਰੇ ਹੋਏ ਸਨ। ਇੱਕ ਨੁਮਾਇਸ਼ ਵਿੱਚ ਮੁਨਸ਼ੀ ਸ਼ੇਰ ਮੁਹੰਮਦ ਦੀ ਪੈੱਨ ਡ੍ਰਾਇੰਗ ਨੂੰ ਫਸਟ ਪ੍ਰਾਈਜ਼ ਮਿਲਿਆ। ਦਿੱਲੀ ਆਰਟ ਐਗਜ਼ੀਬੀਸ਼ਨ 1903 ਵਿੱਚ ਹੋਇਆ, ਰਾਮ ਸਿੰਘ ਦੀਆਂ ਲੱਕੜ ਵਿੱਚ ਖੁਣੀਆਂ ਵਸਤਾਂ ਦਸ ਹਜ਼ਾਰ ਰੁਪਏ ਦੀਆਂ ਵਿਕੀਆਂ। ਟਾਹਲੀ ਦੀ ਲੱਕੜ ਉੱਪਰ ਖੁਣਾਈ ਕੀਤਾ ਬੋਰਡ ਪੰਜ ਰੁਪਏ ਨੂੰ ਵਿਕਿਆ ਤੇ ਸਿਲਵਰ ਮੈਡਲ ਜਿੱਤਿਆ।

ਐਡਵਰਡ ਅੱਠਵੇਂ ਦੀ ਤਾਜਪੋਸ਼ੀ ਦੇ ਜਸ਼ਨ ਮਨਾਉਣ ਲਈ 1905 ਵਿੱਚ ਦਿੱਲੀ ਦਰਬਾਰ ਹੋਣਾ ਤੈਅ ਹੋਇਆ। ਇਸ ਵਿੱਚ ਲੱਗਣ ਵਾਲੀ ਨੁਮਾਇਸ਼ ਦਾ ਪ੍ਰਬੰਧ ਰਾਮ ਸਿੰਘ ਨੂੰ ਸੌਂਪਿਆ ਜੋ ਉਸਨੇ ਬਾਖੂਬੀ ਨਿਭਾਇਆ। ਪ੍ਰਸੰਨ ਹੋ ਕੇ ਵਾਇਸਰਾਇ ਨੇ ਕੈਸਰ-ਇ-ਹਿੰਦ ਦਾ ਖਿਤਾਬ ਦਿੱਤਾ, 1907 ਵਿੱਚ ਸਰਦਾਰ ਸਾਹਿਬ ਅਤੇ 1911 ਵਿੱਚ ਸਰਦਾਰ ਬਹਾਦਰ ਦੇ ਖਿਤਾਬ ਮਿਲੇ।

ਇੱਕ ਸਤੰਬਰ 1909 ਵਿੱਚ ਬਹੁਤ ਹਿਚਕਚਾਹਟ ਤੋਂ ਬਾਅਦ ਸਰਕਾਰ ਨੇ ਜਦੋਂ ਪ੍ਰਿੰਸੀਪਲ ਨਿਯੁਕਤ ਕੀਤਾ, ਤਨਖਾਹ 500-40-800 ਨਿਸ਼ਚਿਤ ਕੀਤੀ ਗਈ, 1875 ਵਿੱਚ ਕਿਪਲਿੰਗ ਦੀ ਤਨਖਾਹ ਇਸ ਤੋਂ ਬਹੁਤ ਵੱਧ ਸੀ। ਗੋਰੇ ਵਾਈਸ ਪ੍ਰਿੰਸੀਪਲ ਨੂੰ 500 ਰੁਪਏ ਮਹੀਨਾ ਮਿਲਦਾ ਸੀ ਤੇ ਜਦੋਂ ਰਾਮ ਸਿੰਘ ਵਾਈਸ ਪ੍ਰਿੰਸੀਪਲ ਲੱਗਾ, ਉਸ ਨੂੰ 60 ਰੁਪਏ ਤੇ ਰੱਖਿਆ ਗਿਆ। ਉਦੋਂ ਗੋਰਿਆਂ ਦੇ ਬਰਾਬਰ ਭਾਰਤੀਆਂ ਨੂੰ ਰੁਤਬਾ ਤੇ ਤਨਖਾਹ ਦੇਣ ਦਾ ਰਿਵਾਜ਼ ਹੀ ਨਹੀਂ ਸੀ। ਸਰਕਾਰ ਨੂੰ ਪੱਤਰ ਲਿਖਿਆ, "ਮੇਰਾ ਕੰਮ ਸਕੂਲ ਵਿੱਚ ਕੇਵਲ ਪੜ੍ਹਾਉਣਾ ਨਹੀਂ, ਸਰਕਾਰ ਨੇ ਕੋਈ ਉਸਾਰੀ ਕਰਨੀ ਹੋਵੇ ਉਸਦੇ ਨਕਸ਼ੇ ਮੈਂ ਤਿਆਰ ਕਰਦਾਂ, ਲੱਕੜ ਦੀ ਖੁਣਾਈ ਮੈਂ ਕਰਦਾਂ, ਧਾਤਾਂ ਤੇ ਖੁਣਾਈ ਕਰਦਾਂ, ਸਰਕਾਰੀ ਇਮਾਰਤਾਂ ਦੀ ਨਿਗਰਾਨੀ ਮੇਰੇ ਜ਼ਿੰਮੇ। ਜਿਹੜੀ ਤਨਖਾਹ ਤੁਸੀਂ ਦਿੱਤੀ ਉਹ ਮਾਮੂਲੀ ਹੈ। ਲਾਹੌਰ ਨੌਕਰੀ ਕਰਨ ਦੀ ਥਾਂ ਮੈਂ ਸ਼ੁਰੂ ਵਿੱਚ ਰੁੜਕੀ ਚਲਾ ਜਾਂਦਾ, ਹੁਣ ਨੂੰ ਕੀ ਦਾ ਕੀ ਹੋ ਜਾਂਦਾ।"

ਗਵਰਨਰ ਜਨਰਲ ਨੇ ਸਟੇਟ ਸਕੱਤਰ ਤੋਂ ਇਸ ਪੱਤਰ ਬਾਰੇ ਰਾਇ ਮੰਗੀ। ਸਕੱਤਰ ਨੇ ਜਵਾਬ ਦਿੱਤਾ, "ਤਨਖਾਹ ਵਧਾਉਣ ਦੀ ਗੱਲ ਬਾਅਦ ਵਿੱਚ ਸੋਚਾਂਗੇ ਪਹਿਲਾਂ ਇਹ ਤਾਂ ਪੜਤਾਲ ਕਰ ਲਈਏ ਕਿ ਇਹਨਾਂ ਆਰਟਸ ਸਕੂਲਾਂ ਦੀ ਕੋਈ ਲੋੜ ਵੀ ਹੈ ਕਿ ਨਹੀਂ।" ਸਕੱਤਰ ਦਾ ਪੱਤਰ ਹੈ, "ਆਪਦਾ ਖਤ ਮਿਲਿਆ ਕਿ ਮੇਓ ਸਕੂਲ ਆਫ ਆਰਟ ਲਾਹੌਰ ਦੇ ਪ੍ਰਿੰਸੀਪਲ ਦੀ ਖਾਲੀ ਆਸਾਮੀ ਵਾਸਤੇ ਯੋਗ ਉਮੀਦਵਾਰ ਲੱਭਿਆ ਜਾਵੇ। ਮਦਰਾਸ ਸਕੂਲ ਆਫ ਆਰਟ ਦੇ ਨਿਗਰਾਨ ਮਿ. ਹੇਵਲ ਨਾਲ ਗੱਲ ਹੋਈ ਸੀ। ਉਹ ਤਾਂ ਰਿਟਾਇਰਮੈਂਟ ਲੈ ਕੇ ਵਾਪਸ ਇੰਗਲੈਂਡ ਜਾ ਰਹੇ ਸਨ। ਮੈਂ ਆਪ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਰਟਸ ਸਕੂਲਾਂ ਉੱਪਰ ਸਰਕਾਰ ਦਾ ਖਰਚ ਕਰਨਾ ਵਾਜਬ ਹੈ? ਖਰਚੇ ਹੋਈ ਜਾਂਦੇ ਹਨ, ਕੰਮ ਇਹ ਕੁਝ ਸੰਵਾਰਦੇ ਨਹੀਂ। ਇਨ੍ਹਾਂ ਸਕੂਲਾਂ ਵਿੱਚ ਨਿਗਰਾਨੀ ਕਰਨ ਲਈ ਰਾਮ ਸਿੰਘ ਮਾਰਕਾ ਦੇਸੀ ਬੰਦੇ ਹੀ ਮਿਲਣਗੇ ਹੁਣ।"

ਸਕੱਤਰ ਦੀ ਰਾਇ ਵਿਚਾਰਨ ਲਈ ਗਵਰਨਰ ਜਨਰਲ ਨੇ 14 ਮੈਂਬਰਾਂ ਦੀ ਉੱਚ ਪੱਧਰੀ ਕਮੇਟੀ ਬਣਾਈ ਜਿਸ ਵਿੱਚ ਕੇਵਲ ਤਿੰਨ ਮੈਂਬਰ ਭਾਰਤੀ ਸਨ।

ਕਮੇਟੀ ਨੇ ਮੀਟਿੰਗ ਵਿੱਚ ਮਸਲਾ ਵਿਚਾਰ ਕੇ ਸਕੱਤਰ ਦੀ ਰਾਇ ਇਸ ਟਿੱਪਣੀ ਨਾਲ ਰੱਦ ਕੀਤੀ, "ਅਸੀਂ ਮਿਸਟਰ ਰਾਮ ਸਿੰਘ ਦਾ ਜੱਦੀ ਘਰ ਦੇਖਿਆ। ਮੇਓ ਸਕੂਲ ਆਫ ਆਰਟ ਵਿੱਚੋਂ ਵਿੱਦਿਆ ਹਾਸਲ ਕਰਕੇ ਉਹ ਜਿਸ ਮੁਕਾਮ ਉੱਪਰ ਅੱਪੜ ਗਿਆ, ਇਹ ਸਕੂਲ ਨਾ ਹੁੰਦਾ ਤਾਂ ਉਹ ਪਿੰਡ ਵਿੱਚ ਦਿਹਾੜੀਦਾਰ ਤਰਖਾਣ ਹੁੰਦਾ। ਰਾਮ ਸਿੰਘ ਮੇਓ ਸਕੂਲ ਦੀ ਸ਼ਾਨਦਾਰ ਪ੍ਰਾਪਤੀ ਹੈ ਜੋ ਘੱਟ ਨਹੀਂ।"

ਕਾਰਜਕਾਰੀ ਪ੍ਰਿੰਸੀਪਲ ਵਜੋਂ ਲਗਭਗ ਸਾਲ ਤੱਕ ਜ਼ਿੰਮੇਵਾਰੀ ਨਿਭਾਉਣ ਬਾਅਦ ਜਦੋਂ ਪ੍ਰਿੰਸੀਪਲ ਦੇ ਆਰਡਰ ਨਾ ਮਿਲੇ, ਅੱਕ ਕੇ ਡੀ.ਪੀ.ਆਈ. ਰਾਹੀਂ ਉਸਨੇ ਲੈਫ. ਗਵਰਨਰ ਨੂੰ ਪੱਤਰ ਲਿਖਿਆ :

ਨਿਆਂਕਾਰੀ ਗਵਰਨਰ ਸਾਹਿਬ,

ਅੰਗਰੇਜ਼ਾਂ ਨਾਲੋਂ ਮੇਰੀ ਚਮੜੀ ਦਾ ਰੰਗ ਜ਼ਰੂਰ ਵੱਖਰਾ ਹੈ, ਗੁਣਾਂ ਵਿੱਚ ਕੋਈ ਘਾਟ ਨਹੀਂ। ਇਸ ਸਕੂਲ ਦਾ ਪ੍ਰਿੰਸੀਪਲ ਹੋਣ ਵਾਸਤੇ ਮੇਰੇ ਵਿੱਚ ਕੀ ਨੁਕਸ ਹੈ? ਤੁਸੀਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਉ, ਉਦੋਂ ਮੈਂ ਅਜੇ ਵਿਦਿਆਰਥੀ ਸਾਂ ਜਦੋਂ ਮੇਮ ਸਾਹਿਬਾ ਦੇ ਪਿਆਨੋ ਦੀ ਮੁਰੰਮਤ ਅਤੇ



**ਸਿੱਖ ਇਮਾਰਤਸਾਜ਼ੀ ਦੀ ਖ਼ੂਬਸੂਰਤ ਮਿਸਾਲ : ਖਾਲਸਾ ਕਾਲਜ, ਅੰਮ੍ਰਿਤਸਰ।**

ਪਾਲਿਸ਼ ਕੀਤੀ ਸੀ। ਭਾਰਤ ਦਾ ਮਰ ਮੁੱਕ ਚੁੱਕਾ ਆਰਟ ਮੈਂ ਅਸਬਰਨ ਮਹਿਲ ਵਿੱਚ ਸੁਰਜੀਤ ਕਰ ਆਇਆ। ਫਾਈਬਰ ਪਲਾਸਟਰ, ਸਲਫਰ ਮੋਲਡਿੰਗ ਅਤੇ ਜੈਲੀ ਮੋਲਡਿੰਗ ਸਣੇ ਮੈਂ ਕੀ ਕੀ ਕੰਮ ਨਹੀਂ ਕੀਤਾ? ਮੈਨੂੰ ਤੁਹਾਡੇ ਵੱਲ ਝਾਕਣਾ ਪੈ ਰਿਹਾ ਹੈ, ਮਿਸਟਰ ਕਿਪਲਿੰਗ ਨੂੰ ਅਜਿਹੀ ਕੋਈ ਮੁਸ਼ਕਿਲ ਨਹੀਂ ਆਈ। ਇਸ ਕੁੱਤਪੁਣੇ ਦਾ ਸਾਹਮਣਾ ਮੈਨੂੰ ਮੇਰੀ ਚਮੜੀ ਦੇ ਰੰਗ ਸਦਕਾ ਕਰਨਾ ਪੈ ਰਿਹਾ ਹੈ। -ਰਾਮ ਸਿੰਘ

ਇਸ ਪੱਤਰ ਦਾ ਅਸਰ ਹੋਇਆ, 25 ਸਤੰਬਰ 1910 ਨੂੰ ਬਤੌਰ ਰੈਗੂਲਰ ਪ੍ਰਿੰਸੀਪਲ ਦੇ ਆਰਡਰ ਮਿਲੇ, 38 ਸਾਲ ਦੀ ਸੇਵਾ ਨਿਭਾਅ ਕੇ 55 ਸਾਲ ਦੀ ਉਮਰੇ ਅਕਤੂਬਰ 1913 ਨੂੰ ਰਿਟਾਇਰ ਹੋਇਆ। ਉਸਦੀ ਥਾਂ ਉੱਤੇ ਲਿਉਨਲ ਹੀਥ ਨਿਯੁਕਤ ਹੋਇਆ ਜਿਸਨੇ ਸਕੂਲ ਦੀ ਸਾਲਾਨਾ ਰਿਪੋਰਟ ਵਿੱਚ ਦਰਜ ਕੀਤਾ, "ਪ੍ਰਿੰਸੀਪਲ, ਸਰਦਾਰ ਬਹਾਦੁਰ ਰਾਮ ਸਿੰਘ ਅਕਤੂਬਰ 1913 ਵਿੱਚ ਰਿਟਾਇਰ ਹੋ ਗਏ। ਉਹ ਇਸ ਸਕੂਲ ਦੇ ਪਹਿਲੇ ਵਿਦਿਆਰਥੀ ਸਨ ਜੋ ਇੱਥੇ ਹੀ ਅਧਿਆਪਕ ਨਿਯੁਕਤ ਹੋਏ ਤੇ ਪ੍ਰਿੰਸੀਪਲ ਦੇ ਰੁਤਬੇ ਤੱਕ ਪੁੱਜੇ। ਸਰਦਾਰ ਬਹਾਦੁਰ ਦੀ ਪ੍ਰਤਿਭਾ ਨੂੰ ਕੌਣ ਨਹੀਂ ਜਾਣਦਾ? ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਵਿਦਿਆਰਥੀਆਂ ਨੂੰ ਰਸਤਾ ਦਿਖਾਉਣਗੀਆਂ, ਪ੍ਰੇਰਨਾਸ੍ਰੋਤ ਹੋਣਗੀਆਂ।"

ਪਾਠਕ ਪੜ੍ਹ ਚੁੱਕੇ ਹਨ ਕਿ ਪਿੰਡ ਛੱਡ ਕੇ, ਰਾਮ ਸਿੰਘ ਦੀ ਸਲਾਹ ਨਾਲ ਪਿਤਾ ਜੀ ਚੀਲ ਮੰਡੀ ਅੰਮ੍ਰਿਤਸਰ ਆ ਗਏ ਸਨ। ਰਿਟਾਇਰ ਹੋ ਕੇ ਆਪਣੇ ਬੇਟਿਆਂ ਨਾਲ ਰਾਮ ਸਿੰਘ ਵੀ ਇੱਥੇ ਕੰਮ ਕਰਨ ਲੱਗਾ। ਕਦੀ ਕਦਾਈਂ ਸਫੈਦ ਲਿਬਾਸ ਪਹਿਨ ਕੇ ਘੋੜੇ ਤੇ ਸਵਾਰ ਹੋ ਲਾਹੌਰ ਆਪਣੇ ਛੇੜੇ ਕੰਮਾਂ ਦਾ ਜਾਇਜ਼ਾ ਲੈਣ ਜਾਂਦਾ। ਉਸ ਦੀ ਫਰਮ ਨੂੰ ਦੂਰੋਂ ਪਾਰੋਂ ਆਰਡਰ ਮਿਲਦੇ। ਨਾ ਜਾਇਦਾਦ ਦੀ ਘਾਟ ਰਹੀ ਨਾ ਸ਼ੁਹਰਤ ਦੀ। ਉਸਦੇ ਪੋਤੇ ਦਸਦੇ ਹਨ ਦਿੱਲੀ ਵਿੱਚ ਵੀ ਉਨ੍ਹਾਂ ਦੀ ਬੜੀ ਜਾਇਦਾਦ ਸੀ ਜੋ 1947 ਵਿਚ ਹੋਰਾਂ ਨੇ ਦੱਬ ਲਈ।

ਰਾਮ ਸਿੰਘ ਦੇ ਪੰਜ ਬੇਟੇ ਤੇ ਦੋ ਧੀਆਂ ਸਨ। ਚੌਥਾ ਬੇਟਾ ਸੁਖਚਰਨ ਸਿੰਘ ਮੇਓ ਸਕੂਲ ਵਿੱਚ ਪੜ੍ਹਿਆ ਤੇ ਅੰਮ੍ਰਿਤਸਰ ਦਾ ਮਸ਼ਹੂਰ ਚਿੱਤਰਕਾਰ ਰਿਹਾ, ਦੂਜਾ ਸੁਲੱਖਣ, ਇੰਜੀਨੀਅਰਿੰਗ ਕਰਕੇ ਗਲਾਸਗੋ ਚਲਾ ਗਿਆ। ਸਭ ਤੋਂ ਵੱਡਾ ਮੱਖਣ ਸਿੰਘ ਪਿਤਾ ਨਾਲ ਕੰਮ ਕਰਦਾ। ਸਾਲ 1916, ਰਿਟਾਇਰਮੈਂਟ ਤੋਂ ਤਿੰਨ ਸਾਲ ਬਾਅਦ 58 ਸਾਲ ਦੀ ਉਮਰ ਵਿੱਚ ਆਪਣੀ ਧੀ ਦੇ ਘਰ ਦਿੱਲੀ ਵਿੱਚ ਉਸਦਾ ਦੇਹਾਂਤ ਹੋਇਆ।

ਉਸਦੀ ਸ਼ਖ਼ਸੀਅਤ ਆਪਣੇ ਆਪ ਵਿੱਚ ਮੁਕੰਮਲ ਕਲਾਕਾਰ ਦੀ ਸੀ, ਫਰਨੀਚਰ ਬਣਾ ਰਿਹੈ ਜਾਂ ਦਿੱਲੀ ਦਰਬਾਰ ਲਈ ਸ਼ਾਮਿਆਨੇ, ਤੁਹਾਨੂੰ ਗੁੰਬਦ ਅਤੇ ਅਟਾਰੀਆਂ ਦਿੱਸੀ ਜਾਣਗੀਆਂ, ਖਾਲੀ ਕਾਗ਼ਜ਼ ਤੇ ਲਿਖਕੇ ਸਰਟੀਫਿਕੇਟ ਨਹੀਂ ਦੇਣਾ, ਹਾਸ਼ੀਏ ਪੇਂਟ ਨਾਲ ਸ਼ਿੰਗਾਰੇ ਜਾਣਗੇ। ਉਸਦੀ ਛੁਹ ਨਾਲ ਆਮ ਵਸਤੂ ਰੂਪ ਬਦਲ ਕੇ ਖਾਸ ਹੋ ਜਾਂਦੀ। ਜਿਹੜੇ ਪਥੇਰੇ ਸਿੱਧੀਆਂ ਇੱਟਾਂ ਪੱਥਦੇ ਪਕਾਉਂਦੇ, ਉਨ੍ਹਾਂ ਨੂੰ ਕਲਾਕਾਰ ਬਣਾ ਦਿੱਤਾ, ਵੱਖ-ਵੱਖ ਰੂਪਾਂ ਸ਼ਕਲਾਂ ਦੀਆਂ ਇੱਟਾਂ ਵਾਸਤੇ ਸਾਂਚੇ ਡਿਜ਼ਾਈਨ ਕੀਤੇ। ਦੁੱਗਣੇ ਰੇਟ ਤੇ ਖ਼ਰੀਦਦਾਰੀ ਕਰਦਾ। ਇਨ੍ਹਾਂ ਇੱਟਾਂ ਨਾਲ ਉਹ ਇਮਾਰਤ ਦੇ ਗੇਟਾਂ ਅਤੇ ਕੰਧਾਂ ਉੱਪਰ ਇਉਂ ਚਿਤਰਕਾਰੀ ਕਰਦਾ ਜਿਵੇਂ ਲੱਕੜ ਉੱਤੇ ਖੁਣਾਈ ਕੀਤੀ ਹੋਵੇ, ਇੱਟਾਂ ਨਾਲ ਪਿੱਲਰ ਅਜਿਹੇ ਬਣਾਉਂਦਾ ਜਿਵੇਂ ਆਲੇ ਦੁਆਲੇ ਰੱਸੇ ਲਪੇਟੇ ਹੋਣ। ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਗਰਮੀ ਨਾ ਲੱਗੇ, ਚਾਰੇ ਪਾਸੇ ਚੌੜੇ ਵਰਾਂਡੇ ਬਣਾਉਂਦਾ। ਪ੍ਰਿੰਸੀਪਲ ਕਿਪਲਿੰਗ ਦਾ ਬੇਟਾ ਰੁਡਯਾਰਡ ਕਿਪਲਿੰਗ ਸ਼ਾਇਰ ਸੀ ਜਿਸ ਨੇ ਲਿਖਿਆ- ਪੂਰਬ ਅਤੇ ਪੱਛਮ ਕਦੀ ਨਹੀਂ ਮਿਲਦੇ। ਰਾਮ ਸਿੰਘ ਨੇ ਮੇਲ ਕੇ ਦਿਖਾਏ। ਵਰਾਂਡੇ ਵਿੱਚ ਬੈਠ ਕੇ ਪੜ੍ਹਿਆ, ਵਿਦਿਆਰਥੀਆਂ ਲਈ ਮਹਿਲ ਉਸਾਰੇ। ਸਦੀਵੀ ਆਦਤ ਮੁਤਾਬਕ ਪੰਜਾਬੀ ਆਪਣੇ ਇਸ ਨਾਇਕ ਨੂੰ ਭੁੱਲ ਗਏ ਹਨ। ਮੰਤਰ-ਦ੍ਰਿਸ਼ਟਾ ਰਿਸ਼ੀਆਂ, ਵਿਆਕਰਣਾਚਾਰੀਆ ਪਾਣਿਨੀ, ਮਿਲਿੰਦ-ਪ੍ਰਸ਼ਨ ਦਾ ਕਰਤਾ ਨਾਗਸੇਨ, ਅਭਿਧਰਮ-ਕੋਸ਼ ਦੇ ਕਰਤੇ ਵਸੂਬੰਧੂ ਅਤੇ ਅਸੰਗ ਭਰਾਵਾਂ ਨੂੰ ਵੀ ਤਾਂ ਭੁੱਲ ਗਏ ਹਨ, ਫਿਰ ਰਾਮ ਸਿੰਘ ਨੂੰ ਭੁੱਲ ਜਾਣ ਤਾਂ ਕੀ ਅਫਸੋਸ?

ਦਰਬਾਰ ਹਾਲ ਉਸਾਰ ਕੇ ਰਾਮ ਸਿੰਘ ਖੁਸ਼ ਹੋਇਆ। ਉਸਨੂੰ ਯਾਦ ਕਰਦਿਆਂ, ਲੇਖ ਲਿਖਦਿਆਂ ਮੈਨੂੰ ਖੁਸ਼ੀ ਮਿਲੀ।

ਸੰਪਰਕ : 94642 51454

✧ ✧ ✧ ✧ ✧

# ਗੁਣਕਾਰੀ ਹਲਦੀ

❖ ਰਿਪਨਜੋਤ ਕੌਰ ਸੋਨੀ ਬੱਗਾ

ਜਦੋਂ ਦਾ ਮਨੁੱਖੀ ਜੀਵਨ ਇਸ ਧਰਤੀ ਤੇ ਆਇਆ ਹੈ ਉਦੋਂ ਤੋਂ ਹੀ ਮਨੁੱਖ ਪੌਦਿਆਂ ਦਾ ਕਿਸੇ ਨਾ ਕਿਸੇ ਰੂਪ ਵਿਚ ਇਸਤੇਮਾਲ ਕਰਦਾ ਆਇਆ ਹੈ। ਕਈ ਪੌਦੇ ਤਾਂ ਲੱਖਾਂ ਸਾਲਾਂ ਤੋਂ ਵੀ ਜਿਆਦਾ ਪੁਰਾਣੇ ਹਨ ਜੋ ਕਿ ਧਰਤੀ ਉੱਤੇ ਜੀਵਨ ਦੇ ਵਿਕਾਸ ਦੌਰਾਨ ਬਾਕੀ ਜੀਵਾਂ ਨਾਲ ਵਿਚਰਦੇ ਰਹੇ। ਭਾਰਤ ਵਿਚ ਹਲਦੀ ਦਾ ਬੂਟਾ ਲਗਭਗ ਚਾਰ ਹਜ਼ਾਰ ਸਾਲਾਂ ਤੋਂ ਵਰਤਿਆ ਜਾ ਰਿਹਾ ਹੈ, ਦਵਾਈ ਦੇ ਰੂਪ ਵਿੱਚ ਤੇ ਜਾਂ ਪੂਜਾ ਦੇ ਰੂਪ ਵਿੱਚ। ਹਲਦੀ ਦੇ ਬੂਟੇ ਦੀਆਂ ਜੜ੍ਹਾਂ ਸਭ ਤੋਂ ਵੱਧ ਕੰਮ ਆਉਂਦੀਆਂ ਹਨ। ਇਸ ਦੇ ਪੀਲੇ ਰੰਗ ਕਰਕੇ ਹੀ ਇਸ ਨੂੰ ਭਾਰਤੀ ਕੇਸਰ ਵੀ ਕਹਿੰਦੇ ਹਨ। ਭਾਰਤ ਵਿਚ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀ ਵਿਚ ਹਲਦੀ ਦਾ ਇਸਤੇਮਾਲ ਕਈ ਸਦੀਆਂ ਤੋਂ ਹੁੰਦਾ ਆਇਆ ਹੈ। ਸੰਸਕ੍ਰਿਤ ਭਾਸ਼ਾ ਵਿਚ ਹਲਦੀ ਦੇ 53 ਅਲੱਗ ਅਲੱਗ ਨਾਮ ਹਨ , ਜਿਵੇਂ ਕਿ ਹਰਿਦਰਾ, ਕੁਰਕੁਮਾ, ਲੌਂਗਾ, ਵਰਵਰਨਿਨੀ, ਗੌਰੀ, ਕੁਮਕੁਮ ਹਰਦਲ, ਹੱਟਵਿਲਾਸਿਨੀ, ਤਿਰਮਾਰਿਕ, ਕਿਰਮਧੀਨਾ, ਯੋਸ਼ਿਤਪਰੀਆ ਆਦਿ। ਚੀਨ ਵਿਚ ਵੀ 2900 ਸਾਲ ਤੋਂ ਹਲਦੀ ਵਰਤੀ ਜਾ ਰਹੀ ਹੈ।

ਹਲਦੀ ਭਾਰਤੀ ਮੂਲ ਦਾ ਪੌਦਾ ਮੰਨਿਆ ਜਾਂਦਾ ਹੈ ਅਤੇ ਇਹ ਅਦਰਕ ਦੀ ਪ੍ਰਜਾਤੀ ਦਾ ਲੱਗਭਗ ਤਿੰਨ ਫੁੱਟ ਦਾ ਬੂਟਾ ਹੈ ਜਿਸ ਦੀਆਂ ਜੜ੍ਹਾਂ ਤੋਂ ਹਲਦੀ ਬਣਾਈ ਜਾਂਦੀ ਹੈ। ਹਜ਼ਾਰਾਂ ਸਾਲਾਂ ਤੋਂ ਹਲਦੀ ਇਕ ਮਸਾਲੇ ਅਤੇ ਚਿਕਿਤਸਕ ਪੌਦੇ ਦੇ ਤੌਰ ਤੇ ਭਾਰਤ ਅਤੇ ਚੀਨ ਵਿੱਚ ਵਰਤੀ ਜਾਂਦੀ ਰਹੀ ਹੈ, ਹੁਣ ਵਿਗਿਆਨ ਨੇ ਵੀ ਸਿੱਧ ਕਰ ਦਿੱਤਾ ਹੈ ਕਿ ਹਲਦੀ ਵਿੱਚ ਪਾਇਆ ਜਾਣ ਵਾਲਾ ਕੁਰਕੁਮਿਨ (curcumin) ਬਹੁਤ ਲਾਭਕਾਰੀ ਹੈ, ਇਹ ਇੱਕ ਕੁਦਰਤੀ ਐਂਟੀਬਾਇਓਟਿਕ ਹੈ ਜੋ ਮਨੁੱਖੀ ਸਰੀਰ ਦੀ ਬੀਮਾਰੀਆਂ ਨਾਲ ਲੜਨ ਦੀ ਤਾਕਤ ਵਧਾਉਂਦਾ ਹੈ ਅਤੇ ਕਈ ਬੀਮਾਰੀਆਂ ਹੋਣ ਹੀ ਨਹੀਂ ਦਿੰਦਾ। ਜਿੰਨੀ ਜਿਆਦਾ ਮਾਤਰਾ ਵਿੱਚ ਕੁਰਕੁਮਿਨ ਹੋਏਗਾ ਹਲਦੀ ਉਨੀ ਹੀ ਜ਼ਿਆਦਾ ਅਸਰਦਾਰ ਤੇ ਵਧੀਆ ਮੰਨੀ ਜਾਂਦੀ ਹੈ। ਵਿਭਿੰਨਤਾਵਾਂ ਦੇ ਦੇਸ਼ ਭਾਰਤ ਵਿਚ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਉੜੀਸਾ, ਅਸਾਮ, ਬੰਗਾਲ ਵਿਖੇ ਵੱਡੇ ਪੱਧਰ ਤੇ ਹਲਦੀ ਦੀ ਖੇਤੀ ਕੀਤੀ ਜਾਂਦੀ ਹੈ। ਇਸ ਦੀਆਂ ਕਈ ਕਿਸਮਾਂ ਹਨ ਜਿਵੇਂ ਕਿ ਅੰਬਾ ਹਲਦੀ, ਜੰਗਲੀ ਹਲਦੀ, ਕਸਤੂਰੀ ਹਲਦੀ, ਮਦਰਾਸ ਹਲਦੀ, ਐਲਿਪੀ ਹਲਦੀ ਆਦਿ। ਜਿਸ ਤਰ੍ਹਾਂ ਪਾਲਕ ਵਿੱਚ ਲੋਹਾ ਹੁੰਦਾ ਹੈ ਨਿੰਬੂ ਵਿਚ ਵਿਟਾਮਿਨ-ਸੀ ਉਸੇ ਤਰ੍ਹਾਂ ਹਲਦੀ ਦੀਆਂ ਜੜਾਂ ਜੋ ਕਿ ਅਦਰਕ ਵਰਗੀਆਂ ਹੁੰਦੀਆਂ ਹਨ ਵਿੱਚ ਕੁਰਕੁਮਿਨ ਪਾਇਆ ਜਾਂਦਾ ਹੈ। ਕੇਰਲ ਅਤੇ ਗੋਆ ਵਿਖੇ ਹਲਦੀ ਦੇ ਪੱਤਿਆਂ ਦਾ ਅੱਚਾਰ ਬਣਾਇਆ ਜਾਂਦਾ ਹੈ ਜਾਂ ਸਬਜੀ ਦੀ ਤਰ੍ਹਾਂ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਬਹੁਤ ਲਾਭਕਾਰੀ ਹੁੰਦੇ ਹਨ। ਉਹ ਲੋਕ ਹਲਦੀ ਦੇ ਪੱਤਿਆਂ ਦੀ ਪੇਸਟ ਦੀ ਵਰਤੋਂ ਮੀਟ, ਚਿਕਨ ਵਗੈਰਾ ਵਿੱਚ ਵੀ ਕਰਦੇ ਹਨ ਕਿਉਂਕਿ ਇਨ੍ਹਾਂ ਵਿੱਚ ਵੀ ਕੁਰਕੁਮਿਨ ਹੁੰਦਾ ਹੈ। ICAR ਅਨੁਸਾਰ ਭਾਰਤ ਵਿੱਚ ਆਮ ਪਾਈ ਜਾਣ ਵਾਲੀ ਹਲਦੀ ਵਿਚ ਔਸਤਨ ਤਿੰਨ ਤੋਂ ਪੰਜ ਪ੍ਰਤੀਸ਼ਤ ਕੁਰਕੁਮਿਨ ਹੁੰਦਾ ਹੈ, ਜੋ ਕਿ ਉਸ ਇਲਾਕੇ ਦੇ ਜਲਵਾਯੂ ਤੇ ਨਿਰਭਰ ਕਰਦਾ ਹੈ।

ਮੇਘਾਲਿਆ ਦੇ ਪੱਛਮ ਵਿੱਚ ਜੈਂਤੀਆ ਪਹਾੜਾਂ ਦੀ ਲੜੀ ਹੈ ।ਉਥੇ ਇਕ ਨਿੱਕਾ ਜਿਹਾ 390 ਸਕੁਏਅਰ ਕਿਲੋਮੀਟਰ ਜਾਂ 20×20 ਵਰਗ ਮੀਲ ਕਬਾਇਲੀਆਂ ਦਾ ਇਲਾਕਾ ਹੈ ਜਿਸ ਨੂੰ ਲਾਕਡਾਂਗ Lakadong ਕਹਿੰਦੇ ਹਨ. ਇਸ ਛੋਟੇ ਜਿਹੇ ਇਲਾਕੇ ਦੀਆਂ ਪਹਾੜੀਆਂ ਦੀ ਮਿੱਟੀ, ਪੌਣ-ਪਾਣੀ, ਪਾਣੀ ਵਿਚ ਨਮੀ ਦੀ ਮਾਤਰਾ,ਇਸ ਨੂੰ ਦੁਨੀਆਂ ਦੀ ਸਭ ਤੋਂ ਬਿਹਤਰੀਨ ਹਲਦੀ ਉਗਾਓਣ ਵਿੱਚ ਵਿੱਚ ਮਦਦ ਕਰਦੇ ਹਨ। ਇੱਥੋਂ ਦੀ ਮਿੱਟੀ ਵਿਚ ਉੱਗੀ ਹਲਦੀ ਵਿੱਚ ਕੁਰਕੁਮਿਨ ਨਾਂ ਦਾ ਤੱਤ 7 ਤੋਂ 12 ਪ੍ਰਤੀਸ਼ਤ ਹੁੰਦਾ ਹੈ ਜੋ ਕਿ ਆਮ ਹਲਦੀ ਨਾਲੋਂ ਤਿੰਨ ਗੁਣਾ ਵੱਧ ਹੁੰਦਾ ਹੈ। ਇਸੇ ਤੱਤ ਕਾਰਨ ਹੀ ਹਲਦੀ ਦਾ ਰੰਗ ਗੂੜ੍ਹਾ ਪੀਲਾ ਜਾਂ ਸੰਤਰੀ ਹੁੰਦਾ ਹੈ ਤੇ ਹਲਦੀ ਦੇ ਸਾਰੇ ਗੁਣ ਇਸੇ ਤੱਤ ਕਰਕੇ ਹਨ। ਅਸੀਂ ਭਾਰਤੀ ਲੋਕ ਸਵੇਰੇ-ਸ਼ਾਮ ਹਮੇਸ਼ਾ ਖਾਣੇ ਵਿਚ ਹਲਦੀ ਦੀ ਵਰਤੋਂ ਕਰਦੇ ਹਾਂ ਇਸ ਲਈ ਸਾਡੇ ਲਈ ਤਿੰਨ ਤੋਂ ਪੰਜ ਪ੍ਰਤੀਸ਼ਤ ਕੁਰਕੁਮਿਨ ਤੱਤ ਵਾਲੀ ਹਲਦੀ ਵੀ ਠੀਕ ਹੈ। ਹਲਦੀ ਭਾਰਤੀ ਖਾਣੇ ਦੇ ਸਵਾਦ ਤੇ ਜਾਇਕੇ ਵਿਚ ਵਾਧਾ ਕਰਦੀ ਹੈ। ਇਕ ਵੇਰਾਂ ਜਦੋਂ ਅਸੀਂ ਮਨੀਪੁਰ ਹੁੰਦੇ ਸੀ ਤਾਂ ਬਜ਼ਾਰੋਂ ਬਹੁਤ ਜ਼ਿਆਦਾ ਗੂੜ੍ਹੇ ਰੰਗ ਦੀ, ਤਿੱਖੀ ਸੁਗੰਧ ਵਾਲੀ ਹਲਦੀ ਆਈ , ਜਿਸ ਦਾ ਸੁਆਦ ਵੀ ਥੋੜਾ ਅਲੱਗ ਸੀ। ਖਾਣੇ ਵਿਚ ਘੱਟ ਪਾਉਣੀ ਪੈਂਦੀ ਸੀ, ਕੀ ਪਤਾ ਸ਼ਾਇਦ ਲਾਕਡਾਂਗ ਹਲਦੀ ਹੋਵੇ। ਜੈਂਤੀਆ ਭਾਸ਼ਾ ਵਿਚ ਹਲਦੀ ਨੂੰ ਸੁਨਹਿਰੀ ਮਿੱਟੀ ਜਾਂ ਚਿਰਮਿਤ ਕਹਿੰਦੇ ਹਨ।

ਔਸ਼ਧੀ ਸ਼ਾਸਤਰ (Pharmacology) , ਵਿਚ ਕੁਰਕੁਮਿਨ ਹਲਦੀ ਉਤੇ ਪਿਛਲੇ ਦੋ ਦਹਾਕਿਆਂ ਤੋਂ ਖੋਜ ਹੋ ਰਹੀ ਹੈ। ਵਿਗਿਆਨੀਆਂ ਨੇ 1815 ਵਿੱਚ ਇਸ ਤੱਤ ਦੀ ਖੋਜ ਕੀਤੀ ਸੀ। USDA ਅਨੁਸਾਰ ਰੋਜ਼ਾਨਾ ਇਕ ਛੋਟਾ ਚੱਮਚ ਹਲਦੀ 26 ਪ੍ਰਤੀਸ਼ਤ ਮੈਗਨੀਜ਼,16 ਪ੍ਰਤੀਸ਼ਤ ਆਇਰਨ ,5 ਪ੍ਰਤੀਸ਼ਤ ਪੋਟਾਸ਼ੀਅਮ, 3 ਪ੍ਰਤੀਸ਼ਤ ਵਿਟਾਮਿਨ ਸੀ ਸਾਡੇ ਸਰੀਰ ਨੂੰ ਦਿੰਦੀ ਹੈ।

ਆਯੁਰਵੇਦ ਅਨੁਸਾਰ ਦੁੱਧ ਵਿੱਚ ਹਲਦੀ ਮਿਲਾ ਕੇ ਪੀਣ ਨਾਲ ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ ਕਿਉਂਕਿ ਦੁੱਧ ਵਿੱਚ ਮੌਜੂਦ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ। ਇਸ ਤੋਂ ਇਲਾਵਾ ਸਰੀਰ ਸੁਡੌਲ ਬਣਦਾ ਹੈ ਤੇ ਸਰਦੀ ਜੁਕਾਮ ਠੀਕ ਹੁੰਦਾ ਹੈ। ਫੇਫੜੇ ਵਿਚ ਜਮਾ ਕਫ਼ ਬਾਹਰ ਨਿਕਲ ਜਾਂਦਾ ਹੈ। ਸਰੀਰ ਵਿੱਚ ਜਮਾਂ ਫਾਲਤੂ ਚਰਬੀ ਘਟਦੀ ਹੈ। ਸਾਡਾ ਖ਼ੂਨ ਸਾਫ਼ ਕਰਨ ਵਿੱਚ ਹਲਦੀ ਦੀ ਮੁੱਖ ਭੂਮਿਕਾ ਹੈ।

ਹਲਦੀ ਖ਼ੂਨ ਵੀ ਪਤਲਾ ਕਰਦੀ ਹੈ। ਇਸ ਲਈ ਜੇ ਕੋਈ ਖ਼ੂਨ ਪਤਲਾ ਕਰਨ ਦੀ ਦਵਾਈ ਖਾਂਦਾ ਹੈ ਇਸ ਦੀ ਵਰਤੋਂ ਧਿਆਨ ਨਾਲ ਹੀ ਕਰੇ ਡਾਕਟਰ ਨੂੰ ਪੁੱਛ ਲਿਆ ਜਾਵੇ। ਨਾਰਮਲ ਖਾਣੇ ਵਿਚ ਠੀਕ ਹੈ। ਇਹ ਪਾਚਨ ਕਿਰਿਆ ਅਤੇ ਸਰੀਰਕ ਸ਼ਕਤੀ ਜਾਂ ਇਮਿਊਨਿਟੀ ਕਹਿ ਲਓ ਵਧਾਉਂਦੀ ਹੈ। ਇਸ ਤੋਂ ਇਲਾਵਾ ਸਰੀਰ ਦੇ ਜਲੇ ਹੋਏ ਭਾਗ ਤੇ ਹਲਦੀ ਲਗਾਉਣ ਨਾਲ ਆਰਾਮ ਮਿਲਦਾ ਹੈ। ਜੋੜਾਂ ਦੇ ਦਰਦ ਤੋਂ ਵੀ ਰਾਹਤ ਮਿਲਦੀ ਹੈ। ਹਲਦੀ ਅੱਖਾਂ ਦੀ ਰੌਸ਼ਨੀ ਠੀਕ ਰੱਖਦੀ ਹੈ ਅਤੇ ਉਨ੍ਹਾਂ ਨੂੰ ਕਈ ਬੀਮਾਰੀਆਂ ਤੋਂ ਬਚਾਉਂਦੀ ਹੈ ਜਿਵੇਂ ਕਿ ਗਲੂਕੋਮਾ, (glaucoma) ਹਲਦੀ ਵਿੱਚ ਪਾਇਆ ਜਾਣ ਵਾਲਾ ਤੱਤ ਕੁਰਕੁਮਿਨ, curcumin ਖ਼ੂਨ ਵਿਚ ਸਿੱਧਾ ਜਜ਼ਬ ਨਹੀਂ ਹੁੰਦਾ। ਹਲਦੀ ਨੂੰ ਹਮੇਸ਼ਾ ਕਾਲੀ ਮਿਰਚ ਜਾਂ ਘਿਓ ਨਾਲ ਹੀ ਲਵੋ। ਕਾਲੀ ਮਿਰਚ ਵਿਚ ਪਿਪੇਰੀਨ (piperin) ਨਾਮਕ ਤੱਤ ਹੁੰਦਾ ਹੈ, ਜੋ ਕਿ ਕੁਰਕੁਮਿਨ ਨੂੰ ਸਾਡੇ ਖ਼ੂਨ ਵਿਚ ਜ਼ਜਬ ਕਰਦਾ ਹੈ। ਪਿਪੇਰਿਨ ਉਹਨਾਂ ਪਾਚਕ ਰਸਾਂ enzymes ਦੀ ਕਾਰਜਸ਼ੀਲਤਾ ਰੋਕਦਾ ਹੈ ਜੋ ਕਿ ਸਾਡੇ

(ਬਾਕੀ ਪੰਨਾ 10 'ਤੇ)

# Guru Granth Sahib : The Guru Eternal


**❖ Nikky-Guninder Kaur Singh**

After Aurangzeb's death in March 1707, the Guru travelled with the new Mughal Emperor Bahadur Shah to the Deccan. At some point he broke his journey and camped at Nander, a small town on the banks of the river Godavari. Here the Guru was stabbed, under the orders of the Nawab of Sirhind, who was jealous about the new Emperor's conciliatory attitude towards the Sikh Guru. When the news reached Bahadur Shah, he sent expert surgeons, including an Englishman, but unfortunately the stitched up wounds tore open, and Guru Gobind Singh passed away on 7th October, 1708 (according to the Bhatt Vahi tradition). Shortly before this, he made the scripture the Guru Eternal.

The passing of Guruship to the sacred book was another momentous accomplishment. In a manner reminiscent of Guru Nanak's appointment of Angad as his successor, Guru Gobind Singh placed a five paise coin and a coconut before the Granth, and bowed his head in veneration. He said to the gathered community that it was his commandment that in future they acknowledge the Granth in his place. Amid political and religious turmoil, amid wars and battles, the physical presence of the Granth sustained, nurtured and centered the Gurus and their devotees. So crucial was the sacred word for Guru Gobind Singh that he made the Granth the Guru for ever. A contemporary Sikh document, *Bhatt Vahi Talauda Parganah* Jind, describes the event in detail :

> 'Guru Gobind Singh, the Tenth Prophet, son of Guru Tegh Bahadur, grandson of Guru Hargobind, great-grandson of Guru Arjan, of the family of Guru Ram Das, Surajbansi Gosal clan, Sodhi Khatri, resident of Anandpur, Parganah Kahlur, now at Nander, in the Godavari country, in the Deccan, asked Bhai Daya Singh, on Buddhvar [Wednesday] Kartik chauth, shukla pakkh, samvat 1765 [6 October, 1708] to fetch Sri Granth Sahib. In obedience to his orders, Daya Singh brought the Granth Sahib. The Guru placed before it five paise and a coconut and bowed his head before it. He said to the congregation, 'It is my commandment : own Sri Granth Ji in my place. Whosoever acknowledges it thus will obtain her/his reward. The Guru will rescue that Sikh. Know this as the truth.'

The Guru did not pass on the Guruship to any of his disciples; he passed it to the Guru Granth in



perpetuity. Sikhs were not to perceive Guru in any other form. The Word alone was to be the Guru Eternal. The Guru Granth is thus revered as both the physical body of the Gurus and the metaphysical body of their poetry.

The physicality of the Book was stressed emphatically by Mata Sundri, wife of Guru Gobind Singh. After his death, Sikhs looked to her for guidance. She appointed Bhai Mani Singh to manage the sacred shrines at Amritsar and commissioned him to collect the writings of Guru Gobind Singh. Edicts issued under her seal and authority (*hukamnamas*) were sent out to Sikh congregations. When schismatic groups tried to claim succession to the Guruship, with the aim of setting up their own leaders, Mata sundri boldly rejected any such move. In a strong voice she issued the following pronouncement :

> Khalsaji, you must have faith in none other except the Timeless One. Go only to the Ten Gurus in search of the word. 'Nanak is their slave who obtain their goal by searching the Word.' 'The Gurus is lodged in the Word. That One Itself merged with the Guru who revealed the Word.' The Word is the life of all life : through it we meet with the ultimate one.

Clearly, the attributes and properties of the physical Guru are embodied in the Word; the 'Guru is lodged in the Word – *Guru ka nivas sabad vich hai*'. So the Word is not a formless 'logos' but 'the life of all

life-*jian under ji sabad hai*. At a politically and socially unstable time for Sikhs, Mata Sundri drew their attention towards life and living. She reaffirmed the Book as a concrete reality of the Timeless One (*akal*). Containing the Divine – human encounter of their Ten Gurus, Sikhs were in future to derive their guidance and inspiration from the Guru Granth. There would be no other Guru. The reality of the Ten was embodied in their verse. However, Mata Sundri exhorts that the 'Word' has to be actively searched (*khoj*). Sikhs cannot passively accept the Guru = Granth identity. Each person has to see, hear, touch, feel, imagine their way dynamically through the sacred verses of their Guru to gain their own access to and intimacy with the Timeless One.

On a similar note, Nand Lal, a celebrated poet in Guru Gobind Singh's entourage, also emphasizes the physicality of the Guru Granth. In his poetic testimony recorded in Sanskrit, the Tenth Guru during his final hours urged his followers to continue to relate to the Granth as with a breathing Guru :

> The Granth indeed is the Guru :
> This is what you should see; this is what you should honour;
> This is what should be the focus of your discourses.

The Granth was the Guru, and so it was to be seen, honoured and engaged with by Sikhs for perpetuity. The relational quality is deemed to be vital. The Granth is not a distance 'object' venerated from afar, or a text to be merely recited; it is cherished as the living Guru from whom Sikhs solicit advice and with whom they share their anxieties and joys.

The Guru Granth gives birth to generations of Sikhs, hones them esthetically, and sustains them emotionally, socially and spiritually. As the Guru Granth itself proclaims : 'Know the Book as the site of the ultimate One – *pothi parmesur ka than*' (GG : 1226). The revelation of the Gurus connects the Sikhs with the Divine. During moments of personal or corporate piety, Sikhs intimately partake in the Gurus' presence. By appointing the Granth as the Guru, the Tenth Sikh Prophet made their historical and spiritual past eternally present for the Sikhs. Professor Harbans Singh commemorates his phenomenal accomplishment :

> This was a most significant development in the history of the community. The finality of the Holy Book was a fact rich in religious and social implications. The Guru Granth became Guru and received divine honours. It was owned as the medium of the revelation descended through the Gurus. It was for Sikhs the perpetual authority, spiritual as well as historical. They lived their religion in response to it. Through it, they were able to observe their faith more fully, more vividly. It was central to all that subsequently happened in Sikh life. It was the source of their verbal tradition and it shaped their intellectual and cultural environment. It moulded the Sikh concept of life. From it the community's ideals, institutions and rituals derived their meaning. Its role in ensuring the community's integration and permanence and in determining the course of its history has been crucial.

In his intricate mechanism, Guru Gobind Singh brought together the three distinct categories that scholars attribute to metaphors; 'ontological', 'orientational' and 'structural'. The metaphysical book of poetry, personified as the actual breathing Guru, is an 'ontological' metaphor : Guru Gobind Singh's entire past is sustained in the text; the abstract is made concrete. It qualifies as an 'orientational metaphor' because it gives a spatial direction to the Sikhs : the scripture was to be the center of their personal, social and religious life. And since the *poetry* of the Gurus is understood and expressed in terms of their *body*, it emerges as the perfect 'structural metaphor'. Through these combined forces, Guru Gobind Singh created a unique phenomenon in the history of religion. Indeed, the Hebrew Bible, the Vedas, the New Testament, the holy Qu'ran, are absolutely significant in their respective traditions, yet they do not embody the Jewish Prophets, or the Rishis, or the Evangelists, or the Prophet Muhammad. In the Sikh case, Guru Gobind Singh ended personal Guruship, and passed his historical and spiritual legacy to the sacred Book. It has since acquired the status of a juristic person, and is even accepted as such by the Supreme Court of India. All Sikh ceremonies, rituals, and rites of passage take place in the presence of their scriptural Guru. Daily, Sikh commemorate the shared identity of the Guru Granth and the manifest bodies (*deh*) of their Gurus as they recite in unison :


> *Guru granth ji manio pragat guran ki deh*
> *Ja ka hirda sudh hai khoj sabad mahi leh*
> Know Guru Granth as the manifest body of the Gurus;
> Those whose hearts are pure, they will discover it in the Word.

The Guru Granth is the physical body that bonds the Sikhs metaphysically with the Divine One, historically with their ten Gurus, and socially with their community. By attributing the Granth as the person of the historical Gurus, the Tenth intended to allow his Sikhs to imagine unprecedented way of being in the world. His semantic innovation shatters the tyrannical division between body and mind, temporal and eternal, language and reality; it opens up a space for Sikh men and women to experience the sacred and the sensuous in their daily lives.

Courtesy : *Sikhism : An Introduction*

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ




ਕੋਈ ਇਕ ਦੋ ਬਰਸ ਨਹੀਂ, ਵੀਹ ਬਾਈ ਬਰਸ ਇਸ ਤਰ੍ਹਾਂ ਬੀਤੇ। ਸੰਤਾਂ ਨੂੰ ਤਰਨ ਤਾਰਨ ਗੁਰਦੁਆਰੇ ਯਾਤ੍ਰਾ ਦਾ ਪ੍ਰੇਮ ਸੀ। ਉਨ੍ਹਾਂ ਨੇ ਸਰੋਵਰ ਦੇ ਕਿਨਾਰੇ ਜ਼ਿਮੀਂ ਲੈ ਕੇ ਅਪਣੇ ਰਹਿਣ ਲਈ ਬੁੰਗਾ ਬਣਾਇਆ। ਇਸ ਬੁੰਗੇ ਦੀ ਇਮਾਰਤ ਵਿਚ ਜੋ ਚੂਨਾ ਲਗਾ ਹੈ, ਓਹ ਵੈਰਾਗੀ ਜਗਜਾਸੂ ਭੋਲਾ ਸਿੰਘ ਜੀ ਦੇ ਹੱਥਾਂ ਦਾ ਪੀਸਿਆ ਹੋਇਆ ਹੈ। ਅਪਣੇ ਅਭਜਾਸ ਭਜਨ ਪਾਠ ਤੋਂ ਛੁੱਟ ਆਪ ਡੇਰੇ ਵਿਚ ਭੰਗਾਲੇ ਚਾਹੋ ਤਰਨ ਤਾਰਨ ਆਈ ਸਾਧ ਸੰਗਤ ਲਈ ਆਟਾ ਪੀਸਦੇ, ਲੰਗਰ ਤਜਾਰ ਕਰਦੇ, ਛਕਾਉਂਦੇ, ਜਲ ਪਿਲਾਉਂਦੇ, ਪੱਖੇ ਕਰਦੇ, ਗੱਲ ਕੀ ਹਰ ਇਕ ਸੇਵਾ ਕਰਦੇ। ਹੁਣ ਆਪ ਇੰਨੇ ਅਨੁਭਵੀ ਹੋ ਗਏ ਕਿ ਸੇਵਾ ਸੇਵਾ ਨਾ ਰਹੀ, ਸੇਵਾ ਵਿਚ ਆਤਮ ਦ੍ਰਿਸ਼ਟੀ ਖੁਲ ਗਈ। ਪਰਮਾਤਮ ਅਨੁਭਵਤਾ ਹੋ ਆਈ। ਇਕ ਵੇਰ ਦੀ ਭੰਗਾਲੇ ਦੀ ਗਲ ਹੈ ਕਿ ਰਾਤ ਦਸ ਬਾਰਾਂ ਵਜੇ ਦੇ ਕ੍ਰੀਬ ਸੰਤ ਸਰਦੂਲ ਸਿੰਘ ਜੀ ਨੇ ਕਿਹਾ-ਭੋਲਾ ਸਿੰਘਾ ਬਈ ਖੂਹ ਤੇ ਜਾਹ, ਕਣਕ ਪੱਕੀ ਖਲੀ ਹੈ ਤੇ ਇਹ ਅੰਨ ਸਾਧ ਸੰਗਤ ਲਈ ਤਿਆਰ ਹੋਇਆ ਹੈ, ਐਸਾ ਨਾ ਹੋਵੇ ਕਿ ਕੋਈ ਰਾਤ ਨੂੰ ਕੁਛ ਭਰੀਆਂ ਵੱਢ ਲਿਜਾਏ, ਤੂੰ ਐਸ ਕੁ ਵੇਲੇ ਰੋਜ਼ ਚਲਾ ਜਾਯਾ ਕਰ, ਲਾਵੀ ਲਾ ਕੇ ਵਾਢੀ ਕਰਨ ਤਕ ਕੁਛ ਦਿਨ ਰਾਤ ਰਾਖੀ ਕਰਿਆ ਕਰ। 'ਸਤਿ ਬਚਨ' ਕਹਿਕੇ ਆਪ ਜੀ ਖੂਹ ਨੂੰ ਚਲੇ ਗਏ। ਇਸ ਵੇਲੇ ਤਾਰਿਆਂ ਛਟਕੀ ਰਾਤ ਸੀ, ਆਪ ਜੀ ਸ਼ਾਂਤਿ ਸਤੋਗੁਣੀ ਭਾਵਾਂ ਵਿਚ ਝੂਟਦੇ ਆਤਮ ਅਨੁਭਵਤਾ ਵਿਚ ਸਨ ਕਿ ਖੂਹ ਦੇ ਲਾਗੇ ਪੁਜਕੇ ਆਪ ਨੇ ਡਿੱਠਾ ਕਿ ਚਾਰ ਆਦਮੀ ਕਣਕ ਵੱਢਕੇ ਪੰਡਾਂ ਬੰਨ੍ਹਕੇ ਇਕ ਦੂਸਰੇ ਨੂੰ ਚੁਕਾ ਰਹੇ ਹਨ। ਜਦ ਤਿੰਨ ਜਣੇ ਪੰਡਾਂ ਚੁੱਕ ਕੇ ਟੁਰ ਪਏ ਤਾਂ ਚਉਥੇ ਨੇ ਕਿਹਾ ਭਾਈ ਮੈਨੂੰ ਵੀ ਚੁਕਾਓ। ਉਹਨਾਂ ਨੇ ਕਿਹਾ ਕਿ ਬਈ ਪੰਡਾਂ ਭਾਰੀਆਂ ਹਨ ਸਾਥੋਂ ਨਾ ਉਹੜਿਆ ਜਾਂਦਾ ਹੈ ਨਾ ਚੁਕਾਇਆ ਜਾਂਦਾ ਹੈ, ਤੂੰ ਜਾਣ ਤੇ ਤੇਰਾ ਕੰਮ। ਇਹ ਕਹਿਕੇ ਉਹ ਤਾਂ ਰਾਹੇ ਪੈ ਗਏ ਤੇ ਇਧਰ ਸ੍ਰੀ ਭੋਲਾ ਸਿੰਘ ਜੀ ਨੇ ਅੱਗੇ ਹੋ ਕੇ ਕਿਹਾ ਭਰਾਵਾ ਤੂੰ ਕਿਉਂ ਦੁਖੀ ਹੋ ਰਿਹਾ ਹੈਂ, ਆ ਤੈਨੂੰ ਪੰਡ ਮੈਂ ਚੁਕਾ ਦੇਂਦਾ ਹਾਂ। ਚੋਰ ਨੇ ਕਿਹਾ ਤੇਰਾ ਭਲਾ ਹੋਵੇ। ਸੋ ਆਪ ਜੀ ਨੇ ਅੱਗੇ ਹੋ ਕੇ ਪੰਡ ਚੁਕਾ ਦਿਤੀ ਤੇ ਆਪ ਉਸੇ ਉਚੇ ਰੰਗ ਵਿਚ ਖੂਹ ਤੇ ਬੈਠ ਗਏ। ਜਿਸ ਰੰਗ ਵਿਚ ਆਰੂੜ ਸੇ ਬੱਝਾ ਰਿਹਾ, ਜਿਸ 'ਸਰਬ ਆਤਮ ਅਨੁਭਵਤਾ' ਵਿਚ ਸਨ ਉਸ ਵਿਚ ਝੂਮਦੇ ਰਹੇ। ਸਵੇਰ ਹੋਈ, ਪਹੁ ਫੁਟੀ, ਆਪ ਦੀ ਸੁਰਤ ਬੀ ਸਰੀਰ ਸੰਭਾਲੇ ਵਿਚ ਆਈ, ਡੇਰੇ ਆਏ ਤੇ ਆਪਣੇ ਡੇਰੇ ਅਤੇ ਸੰਤਾਂ ਦੀ ਰੋਜ਼ ਦੀ ਸੇਵਾ ਰੋਜ਼ ਵਾਂਙੂ ਕੀਤੀ। ਸੰਗਤ ਨੂੰ ਸੰਤਾਂ ਨੂੰ ਪ੍ਰਸ਼ਾਦ ਛਕਾਇਆ। ਤੀਸਰੇ ਪਹਿਰ ਸੰਤ ਸਰਦੂਲ ਸਿੰਘ ਜੀ ਵਿਹੜੇ ਵਿਚ ਹੋ ਬੈਠੇ। ਤਦ ਆਪ ਜੀ ਨੇ ਪੁਛਿਆ:-ਭੋਲਾ ਸਿੰਘ ! ਰਾਤ ਸੁਖ ਬੀਤੀ ? ਸ੍ਰੀ ਭੋਲਾ ਸਿੰਘ ਜੀ ਨੇ ਕਿਹਾ: ਜੀ ਆਪ ਦੇ ਚਰਨਾਂ ਦਾ ਸਦਕਾ ਸੁਹਣੀ ਬੀਤੀ। **ਸੰਤਾਂ ਕਿਹਾ–** ਕੋਈ ਰਾਤ ਆਇਆ ਗਿਆ ਤਾਂ ਨਹੀਂ ? ਇਹ ਸੁਣਕੇ ਸਿਰੇ ਚੜ੍ਹ ਗਏ ਜਗਜਾਸੂ ਸ੍ਰੀ ਭੋਲਾ ਸਿੰਘ ਜੀ ਨੇ ਸਾਰਾ ਹਾਲ ਕਹਿ ਸੁਣਾਇਆ। ਸਾਰੀ ਵਾਰਤਾ ਸੁਣਕੇ ਸੰਤਾ ਦੀ ਖੁਸ਼ੀ ਦੀ ਹੱਦ ਨਾ ਰਹੀ, ਉਠਕੇ ਆਪਣੇ ਜਗਜਾਸੂ ਨੂੰ ਛਾਤੀ ਨਾਲ ਲਾ ਲਿਆ। ਹਾਂ ! ਅਜ ਪਹਿਲਾ ਦਿਨ ਸੀ ਕਿ ਵੀਹ ਬਾਈ ਬਰਸ ਦੀ ਘਾਲ ਵਿਚ ਸੰਤਾਂ ਨੇ ਅਪਣੇ ਦਿਲ ਵਿਚ ਅਪਣੇ ਸੇਵਕ ਨਾਲ ਲੁਕਵੇਂ ਪਜਾਰ ਨੂੰ ਰੋਕਣ ਦੀ ਹੋਰ ਤਾਬ ਨਾ ਦੇਖੀ। ਛਾਤੀ ਨਾਲ ਘੁੱਟਿਆ, ਸਿਰ ਤੇ ਪਿਆਰ ਦਿਤਾ ਤੇ ਆਖਿਆ- ਬੱਚਾ ਘਾਲ ਥਾਂ ਪਈ। ਕੁਛ ਚਿਰ ਚੁਪ ਰਹੇ, ਨੈਣ ਭਰ ਭਰ ਆਏ, ਬੁੱਲ੍ਹ ਫਰਕੇ ਪਰ ਚੁਪ ਰਹੇ। ਕੁਛ ਚਿਰ ਮਗਰੋਂ ਫੇਰ ਬੋਲੇ ਕਾਕਾ ! ਤੈਨੂੰ ਉਸ ਵੇਲੇ ਚੋਰ ਚੋਰ ਨਾ ਦਿੱਸੇ ? ਆਪ ਬੋਲੇ : ਦਾਤਾ ਜੀਓ, ਜਦ ਮੈਂ ਆਪਦੀ ਆਗਿਆ ਵਿਚ ਖੂਹ ਨੂੰ ਜਾ ਰਿਹਾ ਸੀ, ਮੈਨੂੰ ਅਚਾਨਕ ਇੰਵ ਭਾਸਿਆ ਕਿ ਵਣ ਤਿਣ ਪਰਬਤ ਵਿਚ ਇਕ ਜੋਤ ਪਰੀਪੂਰਣ ਹੈ। ਜੋ ਏਕਤ੍ਵ ਵਿਚ ਹੈ ਫੇਰ ਨਾਨਤ੍ਵ ਵਿਚ ਉਸੇ ਦਾ ਖੇਲ ਹੋ ਰਿਹਾ ਹੈ। ਉਹੀ ਕਰਤਾ, ਉਹੀ ਪਾਲਕ, ਸੰਭਾਲਕ, ਮਾਲਕ ਹੈ, ਨਾਨਾ ਰੂਪ ਹੈ, ਫਿਰ ਇਕ ਹੈ। ਉਹੀ ਮਾਲਕ ਉਹੀ ਪਾਲਕ ਹੈ, ਸਾਰੇ ਉਸਦੇ ਦਰੋਂ ਲੈ ਕੇ ਖਾ ਰਹੇ ਹਨ। ਸਭ ਭੰਡਾਰੇ ਉਸਦੇ ਹਨ, ਸਭ ਭਿਖਾਰੀ ਉਸਦੇ ਹਨ। ਖੇਤ ਉਸਦੇ, ਫਸਲ ਉਸਦੇ, ਵੱਢਣ ਹਾਰ, ਲੈਣ ਹਾਰ ਸਭ ਇਕੇ ਦਰ ਦੇ ਭਿਖਾਰੀ ਹਨ। ਇਸ ਲੱਖਤਾ ਦੇ ਆਨੰਦ ਵਿਚ ਮੈਂ ਖੂਹ ਤੇ ਜਾ ਪੁੱਜਾ ਤਾਂ ਮੈਂ ਡਿੱਠਾ ਕਿ ਕੁਛ ਦੂਰ ਤ੍ਰੈ ਚਾਰ ਜਣੇ ਭਰੀਆਂ ਚੁਕਾ ਰਹੇ ਹਨ। ਫੇਰ ਮੈਂ ਡਿੱਠਾ ਕਿ ਤ੍ਰੈ ਤਾਂ ਟੁਰ ਪਏ ਹਨ ਤੇ ਚੌਥੇ ਨੂੰ ਮੈਂ ਡਿੱਠਾ ਕਿ ਆਪਣੀ ਭਰੀ ਆਪੇ ਚੁਕ ਨਹੀਂ ਸਕਦਾ ਤੇ ਸਾਥੀਆਂ ਨੂੰ ਕੁਰਲਾ ਰਿਹਾ ਹੈ ਕਿ ਮੈਨੂੰ ਵੀ ਪੰਡ ਚੁਕਾਓ, ਪਰ ਓਹ ਵਾਹੋ ਦਾਹੀ ਰਾਹੇ ਪੈ ਗਏ ਹਨ ਤੇ ਇਹ ਦਾਤਾ ਦੇ ਦਰੋਂ ਦਾਨ ਲੈ ਕੇ ਚੁੱਕਣ ਖੁਣੋਂ ਰੋ ਰਿਹਾ ਹੈ, ਤਾਂ ਮੇਰੇ ਮਨ ਦਇਆ ਆਈ ਤੇ ਮੈਂ ਅਗੇ ਹੋ ਕੇ ਉਸ ਨੂੰ ਭਰੀ ਚੁਕਾ ਦਿਤੀ। ਸਹੁੰ ਜੇ, ਮੈਨੂੰ ਨਹੀਂ ਉਸ ਵੇਲੇ ਭਾਸਿਆ ਕਿ ਮੈਂ ਮਾਲਕ ਵਲੋਂ ਰਾਖਾ ਹਾਂ ਕਿ ਇਹ ਚੋਰ ਹੈ ਕਿ ਸਾਧ ਹੈ। 'ਓਹ ਦਾਤਾ ਜਗ ਮੰਗਤਾ' ਕੇਵਲ ਇਹ ਕੁਛ ਦਿੱਸ ਰਿਹਾ ਸੀ। ਉਸ ਵੇਲੇ ਤੇ ਮੈਂ ਓਥੇ ਬੈਠਾ ਰਿਹਾ, ਕਦੇ ਅੱਖ ਲਗ ਗਈ ਕਦੇ ਖੁੱਲ੍ਹ ਗਈ, ਪਰ ਇਹੋ ਹੀ ਦਿੱਸਦਾ ਰਿਹਾ ਹੈ ਕਿ ਜਾਗਤ ਜੋਤ ਪਰੀ ਪੂਰਣ ਹੈ, ਉਹੀ ਕਰਤਾ ਹੈ ਉਹੀ ਭਰਤਾ ਹੈ ਵਿਸ਼ਵੰਭਰ ਹੈ। ਰਾਤ ਤਾਂ ਇਸੇ ਰੰਗ ਲੰਘ ਗਈ। ਪਰ ਜਦ ਦਿਨ ਹੋਇਆ ਤਾਂ ਮੈਂ ਡੇਰੇ ਨੂੰ ਮੁੜਿਆ। ਉਸ ਵੇਲੇ ਤੋਂ ਕਈ ਵੇਰ ਇਹ ਸੋਚ ਫੁਰਦੀ ਹੈ ਕਿ ਮੈਂ ਤਾਂ ਰਾਖਾ ਸਾਂ, ਹੁਕਮ ਸੀ ਰਾਖੀ ਕਰਨੇ ਦਾ ਤੇ ਮੈਂ ਸਗੋਂ ਕਣਕ ਚੁਕਾ ਦਿਤੀ। ਫੇਰ ਸੋਚ ਫੁਰਦੀ ਹੈ: ਮੈਨੂੰ ਚੋਰ ਸਾਧ ਰਾਖਾ ਭਾਸੇ ਹੀ ਨਹੀਂ। ਇਹ ਤਾਂ ਖਬਰੇ ਉਸ ਵੇਲੇ ਕੋਈ ਦ੍ਰਿਸਟੀ ਹੀ ਹੋਰ ਹੋ ਗਈ ਸੀ। ਫਿਰ ਸੋਚਦਾ ਹਾਂ ਕਿ ਮੇਰੀ ਇਹ ਦ੍ਰਿਸ਼ਟੀ ਸਰਵੱਗਤਾ ਵਾਲੀ ਖੁਹਲਣੇ ਲਈ ਹੀ ਆਪ ਨੇ ਰਾਤ ਵਾਲਾ ਕਉਤਕ ਰਚਿਆ ਹੋਣਾ ਹੈ। ਪਰ ਫੇਰ ਫਿਕਰ ਆ ਪੈਂਦਾ ਹੈ ਕਿ ਮੈਂ ਤਾਂ ਰਾਖਾ ਸਾਂ, ਭਲੀ ਮਾਲਕ ਦੇ ਮਾਲ ਦੀ ਰਾਖੀ ਕੀਤੀ, ਤਾਂ ਸ਼ਰਮ ਆਉਂਦੀ ਹੈ, ਆਪ ਦੇ ਚਰਨਾਂ ਵਿਚ ਮਾਫੀ ਦੀ ਜਾਚਨਾ ਫੁਰਦੀ ਹੈ। ਇਹ ਸੁਣ ਕੇ ਸੰਤਾਂ ਦੇ ਨੈਣਾਂ ਵਿਚ ਫੇਰ ਨੀਰ ਭਰ ਆਇਆ। ਆਖਣ ਲਗੇ :-

ਕਾਕਾ ! ਗੁਰੂ ਨਾਨਕ ਦੀ ਮਿਹਰ ਹੋਈ ਹੈ, ਤੂੰ ਅਤੀਤ ਸਿਖ ਹੈਂ, ਤੂੰ "ਮੈਂ ਮੇਰੀ" ਤੋਂ ਉਚੇ ਉਠਣਾ ਹੈ ਸੀ, ਤੂੰ 'ਮੈਨੂੰ ਤੈਨੂੰ' ਤੇ ਫਤੇ ਪਾਉਣੀ ਸੀ, ਗੁਰੂ ਨੇ ਤੈਨੂੰ ਬ੍ਰਹਮ-ਦ੍ਰਿਸ਼ਟੀ ਬਖਸ਼ਣੀ ਸੀ, ਸੋ ਉਸਨੇ ਇਸ ਕਉਤਕ ਵਿਚ ਬਖਸ਼ ਦਿੱਤੀ ਹੈ, ਤੇਰੇ ਤਰੈਏ ਤਾਪ ਨਵਿਰਤ ਹੋਏ। ਕਹੁ-ਧੰਨ ਗੁਰੂ ਨਾਨਕ।......ਫੇਰ ਬੋਲੋ-ਬਚਾ ਭੋਲਾ ਸਿੰਘਾ! ਇਕ 'ਮਾਲ' ਹੈ, ਇਕ ਮਾਲਕ ਹੈ। ਮਾਲਕ ਹੈ ਵਾਹਿਗੁਰੂ, ਮਾਲ ਹੈ ਜੋ ਦੂਜੀ ਕੁਦਰਤ ਉਸਨੇ ਸਾਜੀ ਹੈ। ਮਾਲਕ ਜਾਣੇ ਮਾਲ ਸੰਭਾਲੇ, ਦੇਵੇ, ਲਵੇ, ਵੰਡੇ, ਜੋ ਫਕੀਰ ਮਾਲ ਦਾ ਮਾਲਕ ਬਣੇ ਤਾਂ ਸ਼ਰੀਕਾ ਕਰਦਾ ਹੈ ਮਾਲਕ ਨਾਲ, ਫਕੀਰ ਨੇ ਤਾਂ ਮਾਲ ਤੋਂ ਹਥ ਧੋਤੇ ਹਨ ਤੇ ਮਾਲਕ ਦੇ ਪਿਆਰ ਵਿਚ ਪ੍ਰੋਤਾ ਹੈ। ਉਹ ਜੋ ਮਾਲ ਉਤੇ ਅਪਣੀ ਮਾਲਕੀ ਦਾ ਜੱਫਾ ਟਿਕਾਏਗਾ ਤਾਂ ਮਾਲਕ ਦੇ ਪਿਆਰ ਤੋਂ ਘੁੱਸਕੇ ਉਤਨਾ ਹੀ ਮਾਲ ਦੇ ਪਿਆਰ ਵਿਚ ਚਲਾ ਜਾਵੇਗਾ। ਸੋ ਅਤੀਤ ਸਾਧੂ ਫਕੀਰ ਸਿਖ ਨੂੰ ਕੇਵਲ ਮਾਲਕ ਦੀ ਲੋੜ ਹੈ, ਜੋ ਸਾਰੇ ਮਾਲ ਦਾ ਮਾਲਕ ਹੈ। ਮੈਂ, ਮੇਰੀ, ਮੈਨੂੰ, ਤੈਨੂੰ, ਮੇਰੇ, ਤੇਰੇ ਅਤੀਤ ਸਿਖ ਸਾਧੂ ਲਈ ਮੂਲੋਂ ਬਿਵਰਜਤ ਹਨ। ਬਚਾ ! ਅਜ ਤੇਰੇ ਤੇ ਗੁਰੂ ਨਾਨਕ ਦੀ ਮਿਹਰ ਹੋਈ ਹੈ ਕਿ ਤੇਰੀ ਦ੍ਰਿਸ਼ਟੀ ਖੁੱਲ੍ਹ ਗਈ ਹੈ ਤੇ ਏਹ ਹੱਦ ਬੰਨੇ ਟੱਪ ਗਈ ਹੈ। ਘਰੋਂ ਬੀ ਤਾਂ ਤ੍ਰੈ ਚਾਰ ਸੌ ਵਿਘੇ ਦੀ ਮਾਲਕੀ ਡੰਗਰ ਵੱਛਾ ਘਰ ਕੋਠਾ ਛੱਡਕੇ ਆਯਾ ਸੈਂ, ਪਰ ਤਦੋਂ ਵੈਰਾਗ ਸੀ। ਬ੍ਰਹਮ ਦ੍ਰਿਸ਼ਟੀ ਨਹੀਂ ਸੀ, ਅਜ ਭਾਗ ਲੱਗਾ ਹੈ ਕਿ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਹੋਈ ਹੈ।

ਇਸ ਤਰ੍ਹਾਂ ਦੇ ਉਪਦੇਸ਼ ਹੋ ਰਹੇ ਸਨ ਕਿ ਰਾਤ ਵਾਲੇ ਚੋਰ ਆ ਗਏ। ਸੰਤ ਮੰਜੇ ਤੇ ਬੈਠੇ ਸਨ, ਪਿਆਰੇ ਜਗਿਆਸੂ ਸ੍ਰੀ ਭੋਲਾ ਸਿੰਘ ਜੀ ਪੈਂਦ ਵਲ ਖੜੇ ਅਪਣੇ ਗੁਰਮੁਖ ਦਾਤੇ ਦੇ ਬਚਨਾਂ ਦਾ ਅੰਮ੍ਰਿਤ ਪੀ ਰਹੇ ਸਨ। ਇਸ ਵੇਲੇ ਰਾਤ ਵਾਲੇ ਚੋਰ ਆ ਕੇ ਧਰਤੀ ਉਤੇ ਡੰਡੌਤ ਕਰਕੇ ਖੜੇ ਗਏ। ਇਕ ਨੇ ਕਿਹਾ ਹੇ ਸੰਤ ਜੀ ਮਹਾਰਾਜ, ਅਸਾਂ ਤੋਂ ਭਾਰੀ ਖੁਨਾਮੀ ਹੋਈ ਹੈ, ਰਾਤ ਅਸਾਂ ਨੇ ਆਪ ਜੈਸੇ ਜਗਤ ਦੇ ਮਾਲਕ ਦੀ ਖੜੀ ਫਸਲ ਦੀ ਚੋਰੀ ਕੀਤੀ ਹੈ। ਅਸੀਂ ਪਾਪੀ ਲੋਕ ਹਾਂ ਆਪੋ ਧਾਪੀ ਸਾਡਾ ਧਰਮ ਹੈ। ਫਸਲ ਚੋਹਾਂ ਨੇ ਵੱਢੀ, ਤ੍ਰੈ ਅਸੀਂ ਤਾਂ ਲੈ ਕੇ ਤਿਤਰ ਹੋਏ ਤੇ ਚੌਥੇ ਸਾਥੀ (ਉਸ ਵਲ ਉਂਗਲ ਕਰਕੇ) ਨੂੰ ਕੁਰਲਾਂਦਾ ਛਡ ਗਏ। ਉਸ ਨੂੰ ਆਪਦੇ ਪਿਆਰੇ ਨੇ ਫੜ ਲੈਣ ਦੀ ਥਾਵੇਂ ਸਗੋਂ ਪੰਡ ਚੁਕਾ ਦਿਤੀ। ਸਾਡਾ ਇਹ ਸਾਥੀ ਲਿੱਸਾ ਸੀ, ਆਪਦਾ ਬਾਲਕਾ ਬਹੁਤ ਤਕੜਾ ਸੀ, ਚਾਹੁੰਦਾ ਤਾਂ ਥਾਂ ਰਖਦਾ, ਚਾਹੁੰਦਾ ਤਾਂ ਮੁਸ਼ਕਾਂ ਤਾੜ ਦਿੰਦਾ, ਪਰ ਉਸਨੇ ਸਗੋਂ ਇਸ ਨੂੰ ਪੰਡ ਚੁਕਾ ਦਿੱਤੀ। ਸਾਨੂੰ ਸਵੇਰ ਸਾਰ ਕਿਸੇ ਦੱਸਿਆ ਹੈ "ਰਾਤ ਜਿਸਨੇ ਤੁਹਾਡੇ ਚੋਥੇ ਸਾਥੀ ਨੂੰ ਪੰਡ ਚੁਕਾਈ ਉਹ ਕੋਈ ਰਾਹੀ ਯਾ ਤੁਹਾਡੇ ਵਰਗਾ ਚੋਰ ਨਹੀਂ ਸੀ, ਉਹ ਤਾਂ ਸੰਤਾਂ ਦਾ ਬਾਲਕਾ ਭੋਲਾ ਸਿੰਘ ਸੀ, ਜੋ ਹੁਣ ਡੇਰੇ ਵਿਚ ਉਚ ਕੋਟੀ ਦਾ ਸੰਤ ਸਮਝਿਆ ਜਾਂਦਾ ਹੈ। ਦੇਖੋ ਉਹ ਆਇਆ ਤਾਂ ਰਾਖੀ ਕਰਨ ਸੀ ਖੜੀ ਫਸਲ ਦੀ, ਪਰ ਉਸਦੀ ਨਜ਼ਰ ਵਿਚ ਚੋਰ ਸਾਧ ਕੀਕੂੰ ਇਕ ਹੋਏ ਹਨ ਕਿ ਚੋਰ ਨੂੰ ਫੜਿਆ ਨਹੀਂ ਸਗੋਂ ਆਪਣਾ ਮਾਲ ਆਪ ਚੁਕਾ ਦਿਤਾ। ਧ੍ਰਿਗ ਹੈ ਤੁਹਾਡੇ, ਜਿਨ੍ਹਾਂ ਨੇ ਐਸੇ ਗੁਰਮੁਖਾਂ ਦੀ ਚੋਰੀ ਕੀਤੀ ਹੈ, ਜਿਨ੍ਹਾਂ ਦਾ ਇਹ ਸਾਰਾ ਅੰਨ, ਅਭਜਾਗਤ ਦੇ ਲੰਗਰ ਤੇ ਖਰਚ ਹੁੰਦਾ ਹੈ; ਹੋਰ ਥੋੜੇ ਸਨ ਖੇਤ ਚੋਰੀ ਲਈ।" ਇਹ ਸੁਣਕੇ ਸਾਨੂੰ ਡਾਢੀ ਸ਼ਰਮ ਆਈ ਕਿ ਅਸਾਂ ਤਾਂ ਆਪਦਾ ਘਰ ਭੰਨਿਆਂ ਤੇ, ਆਪ ਤਾਂ ਆਪ, ਆਪਦੇ ਬਾਲਕੇ ਐਡੇ ਔਗੁਣਾਂ ਦੀ ਥਾਵੇਂ ਗੁਣ ਕਰਨੇ ਵਾਲੇ ਹਨ ਕਿ ਫੜਨ ਦੇ ਥਾਂ ਚੋਰੀ ਦਾ ਮਾਲ ਹੀ ਚੁਕਾ ਦਿਤਾ, ਜਿਵੇਂ ਸਾਡੇ ਪਿਉ ਦਾਦੇ ਦਾ ਹੁੰਦਾ ਹੈ। (ਠੰਢਾ ਸਾਹ ਲੈ ਕੇ) ਇਕ ਪਾਸੇ ਅਸੀਂ ਹਾਂ ਚੋਰ, ਦੂਜੇ ਪਾਸੇ ਆਪ ਦੇ ਸਾਧ ਰਾਖੇ, ਜੋ ਔਹ ਖੜੇ ਹਨ। ਧ੍ਰਿਕਾਰ ਹੈ ਸਾਡੇ ਜੀਉਣ ਦੇ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

## ਗੁਣਕਾਰੀ ਹਲਦੀ

ਸਰੀਰ ਵਿੱਚ ਕੁਰਕੁਮਿਨ ਦਾ ਸੋਖਣ ਜਾਂ ਜਜ਼ਬ ਹੋਣਾ ਰੋਕਦੇ ਹਨ। ਇਸ ਤੋਂ ਇਲਾਵਾ ਇਹ ਤੱਤ ਥਿੰਦਿਆਈ ਜਾਂ fat ਵਿਚ ਘੁੱਲ ਕੇ ਵੀ ਸਰੀਰ ਨੂੰ ਲਾਭ ਪਹੁੰਚਾਉਂਦਾ ਹੈ। ਨਾਰੀਅਲ ਦਾ ਤੇਲ, ਘਿਓ ਜਾਂ ਆਲੀਵ ਆਇਲ ਨਾਲ ਮਿਲ ਕੇ ਇਹ ਤੱਤ ਪਾਚਨ ਪ੍ਰਣਾਲੀ ਅਤੇ ਸਾਡੇ ਸਰੀਰ ਦੇ ਖ਼ੂਨ ਵਿਚ ਜਜ਼ਬ ਹੁੰਦਾ ਹੈ ਜਾਂ ਕਹਿ ਲਓ ਸੋਖਿਆ ਜਾਂਦਾ ਹੈ।

ਹਲਦੀ ਇਕ ਤਾਕਤਵਾਰ ਐਂਟੀਬਾਇਓਟਿਕ Antibiotic (ਰੋਗਾਣੂਨਾਸ਼ਕ) ਅਤੇ ਐਂਟੀ ਆਕਸੀਡੈਂਟ, ਐਂਟੀ ਇਨਫ਼ਲਾਮੇਟਰੀ, (ਸਰੀਰ ਵਿੱਚ ਸੋਜ਼ਸ਼ ਨੂੰ ਘਟਾਉਣ ਵਾਲੀ) ਹੁੰਦੀ ਹੈ। ਐਂਟੀਆਕਸੀਡੈਂਟ ਇਕ ਅਜਿਹਾ ਪਦਾਰਥ ਹੁੰਦਾ ਹੈ ਜੋ ਕਿ ਸਰੀਰ ਵਿੱਚ ਖਾਣੇ ਦੀ ਟੁੱਟ-ਭੱਜ ਨਾਲ ਪੈਦਾ ਹੋਏ ਹਾਨੀਕਾਰਕ ਅਣੂਆਂ ਨੂੰ ਬਾਹਰ ਕੱਢਣ ਵਿਚ ਮਦਦ ਕਰਦਾ ਹੈ। ਹਲਦੀ ਵਿੱਚ ਪਾਇਆ ਜਾਣ ਵਾਲਾ ਕੁਰਕੁਮਿਨ ਇਕ ਤਾਕਤਵਰ ਐਂਟੀਆਕਸੀਡੈਂਟ ਹੈ। ਇਸ ਦੀ ਰਸਾਇਣਕ ਬਣਤਰ ਕੁਝ ਇਸ ਤਰ੍ਹਾਂ ਦੀ ਹੈ ਕਿ ਇਹ ਫਰੀ ਰੈਡੀਕਲਸ ਜੋ ਕਿ ਮਨੁੱਖੀ ਸਰੀਰ ਨੂੰ ਬੁਢਾਪੇ ਵੱਲ ਲਿਜਾਂਦੇ ਹਨ ਨੂੰ ਖਤਮ ਕਰਦਾ ਹੈ। ਕੁਰਕੁਮਿਨ ਮਨੁੱਖ ਦੀ ਦਿਮਾਗੀ ਸਿਹਤ ਲਈ ਵੀ ਜ਼ਰੂਰੀ ਹੈ। ਇਹ ਸਾਡੇ ਵਿਚ ਡਿਪਰੈਸ਼ਨ depression ਅਤੇ ਅਲਜ਼ਮੇਰ Alzheimer ਵਰਗੇ ਰੋਗਾਂ ਨਾਲ ਲੜਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ. ਮਨੁੱਖੀ ਦਿਮਾਗ ਵਿੱਚ BDNF(brain derived neurotropic factor) ਨਾਮ ਦਾ ਹਾਰਮੋਨ ਹੁੰਦਾ ਹੈ, ਜਿਸ ਦੀ ਕਮੀ ਕਾਰਨ ਡਿਪਰੈਸ਼ਨ ਵਰਗੀਆਂ ਬੀਮਾਰੀਆਂ ਹੁੰਦੀਆਂ ਹਨ। ਹਲਦੀ ਵਿਚਲਾ ਕੁਰਕੁਮਿਨ ਤੱਤ, BDNF ਨਾਂ ਦੇ ਗਰੋਥ ਹਾਰਮੋਨ ਦੀ ਮਾਤਰਾ ਨੂੰ ਬਰਕਰਾਰ ਰੱਖਦਾ ਹੈ ਜੋ ਕਿ ਨਵੇਂ ਨਿਯੂਰਾਨ ਬਣਾਉਣ ਦੇ ਕੰਮ ਆਉਂਦਾ ਹੈ ਅਤੇ ਦਿਮਾਗ ਨੂੰ ਤੰਦਰੁਸਤੀ ਦਿੰਦਾ ਹੈ।

ਕੁਰਕੁਮਿਨ ਦਿਲ ਦੀਆਂ ਬਿਮਾਰੀਆਂ ਵਿੱਚ ਵੀ ਲਾਹੇਵੰਦ ਹੈ। ਹਲਦੀ ਅਤੇ ਇਸ ਵਿੱਚ ਮੌਜੂਦ ਇਸ ਤੱਤ ਉੱਤੇ ਸਾਇੰਸਦਾਨਾਂ ਨੇ ਕਾਫੀ ਖੋਜ ਕੀਤੀ ਹੈ ਅਤੇ ਇਹ ਸਿੱਟਾ ਕੱਢਿਆ ਹੈ ਕਿ ਇਸ ਦੀ ਵਰਤੋਂ ਨਾਲ ਕਈ ਬਿਮਾਰੀਆਂ ਦੀ ਸ਼ੁਰੂਆਤ ਵਿੱਚ ਹੀ ਰੋਕਥਾਮ ਹੋ ਜਾਂਦੀ ਹੈ ਜਿਵੇਂ ਕਿ ਕੈਂਸਰ, ਪੀਲੀਆ ਅਤੇ ਉਪਰੋਕਤ ਲੇਖ ਵਿਚ ਜਿੰਨੀਆਂ ਬਿਮਾਰੀਆਂ ਦੇ ਨਾਮ ਲਏ ਗਏ ਹਨ। ਸਿਰਦਰਦ, ਮਾਈਗ੍ਰੇਨ, ਚਮੜੀ ਦੇ ਰੋਗਾਂ, ਮੂੰਹ ਤੇ ਹੁੰਦੀਆਂ ਕਿੱਲਾਂ ਜਾਂ ਛਾਈਆ ਨੂੰ ਦੂਰ ਕਰਨ ਵਾਸਤੇ ਹਲਦੀ ਦੇ ਰੋਗਾਣੂ ਨਾਸ਼ਕ ਗੁਣ ਮਦਦ ਕਰਦੇ ਹਨ। ਕਿਸੇ ਕਿਸਮ ਦੀ ਸੱਟ ਲੱਗਣ ਵੇਲੇ ਵੀ ਅਸੀਂ ਹਲਦੀ ਦਾ ਇਸਤੇਮਾਲ ਕਰਦੇ ਹਾਂ। ਔਰਤਾਂ ਨੂੰ ਮਾਹਵਾਰੀ ਦੌਰਾਨ ਹੁੰਦੇ ਦਰਦ ਤੋਂ ਵੀ ਰਾਹਤ ਦਿਵਾਉਂਦੀ ਹੈ ਕੁਰਕੁਮਿਨ। ਜਿਵੇਂ ਕਿ ਕਿਹਾ ਜਾਂਦਾ ਹੈ, ਬਹੁਤਾਤ ਹਰ ਇਕ ਚੀਜ਼ ਦੀ ਮਾੜੀ ਹੁੰਦੀ ਹੈ ਜੇਕਰ ਹਲਦੀ ਦੀ ਜ਼ਰੂਰਤ ਤੋਂ ਜ਼ਿਆਦਾ ਮਾਤਰਾ ਲੈ ਲਈ ਜਾਵੇ ਤਾਂ ਇਹ ਸਾਡਾ ਪੇਟ ਖਰਾਬ ਕਰ ਸਕਦੀ ਹੈ, ਪੱਥਰੀ ਵੀ ਹੋ ਸਕਦੀ ਹੈ, ਜਾਂ ਖ਼ੂਨ ਵਿਚ ਆਇਰਨ ਦੀ ਕਮੀ ਵੀ ਪੈਦਾ ਹੋ ਸਕਦੀ ਹੈ। ਅਖੀਰ ਵਿੱਚ ਮੈਂ ਇਹ ਕਹਿਣਾ ਚਾਹਾਂਗੀ ਕਿ ਹਲਦੀ ਆਪਣੇ ਆਪ ਵਿਚ ਇਕ ਐਂਟੀਬਾਇਓਟਿਕ ਹੈ ਅਤੇ ਘੱਟ ਤੋਂ ਘੱਟ ਸੌ ਬਿਮਾਰੀਆਂ ਦਾ ਇਲਾਜ ਇਸ ਵਿੱਚ ਹੈ। ਇਸ ਦੇ ਗੁਣ ਬੇਸ਼ੁਮਾਰ ਹਨ। ਭਾਰਤੀ ਲੋਕ ਇਸ ਦੀ ਰੋਜ਼ ਖਾਣੇ ਵਿੱਚ ਵਰਤੋਂ ਕਰਦੇ ਹਨ ਇਸ ਲਈ ਇਸ ਦੀ ਅਲੱਗ ਤੋਂ ਵਰਤੋ ਤੋਂ ਉਹ ਬੱਚ ਸਕਦੇ ਹਨ।

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੭, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੯੪}

[ਵਡਹੰਸੁ ਮਹਲਾ ੩, ਛੰਤ ੧-੩]

| ਮੂਲ | ਅਰਥ |
| --- | --- |
| **ਵਡਹੰਸੁ ਮਹਲਾ ੩ ਛੰਤ ੴ ਸਤਿਗੁਰ ਪ੍ਰਸਾਦਿ॥ ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ॥ ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ॥ ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ॥ ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ॥ ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ॥ ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ॥੧॥** | ਹੇ ਪਿਆਰੀਏ! ਹੇ ਆਪਣੇ ਪਤੀ ਦੇ ਪ੍ਰੇਮ ਵਿਚ ਰੱਤੀ ਹੋਈ ਸੋਭਾਵੰਤੀ ਬੀਬੀਏ! ਹੇ ਸੱਚੇ ਸ਼ਬਦ ਵਿਚ ਮਿਲ ਰਹੀ ਪਿਆਰੀਏ! (ਤੂੰ) ਪਤੀ ਨੂੰ ਪਿਆਰ ਭਾਵਨਾ ਨਾਲ ਮਾਣ ਰਹੀ ਹੈਂ। (ਤੂੰ) ਹਰਿ ਹਰਿ (ਨਾਮ) ਨਾਲ ਨੇਹੁੰ ਲਾਇਆ (ਤਾਂ) ਸੱਚੇ ਪ੍ਰੇਮ ਕਰਕੇ ਕੰਤ ਦੀ ਸਵਾਰੀ ਹੋਈ ਪਿਆਰੀ (ਹੋ ਗਈ। ਹਾਂ ਤੂੰ ਆਪਣਾ) ਆਪ ਗਵਾ ਲਿਆ, (ਗਵਾ ਲਿਆ ਨਹੀਂ, ਤੂੰ) ਗੁਰੂ ਦੇ ਸ਼ਬਦ ਵਿਚ ਸਮਾ ਲਿਆ ਤਾਂ ਪਤੀ ਪਾ ਲਿਆ ਹੈ। (ਉਸ ਪਤੀ ਦਾ ਬਿਰਦ ਹੈ ਕਿ ਜਿਸ) ਇਸਤ੍ਰੀ ਨੂੰ ਸ਼ਬਦ ਦੁਆਰਾ ਪ੍ਰੇਮ ਦੀ ਖਿੱਚ ਪਈ ਹੈ (ਜਿਸ ਦੇ) ਅੰਦਰ (ਪਤੀ ਦੀ ਹੀ) ਪ੍ਰੀਤ ਪਿਆਰੀ ਹੋ ਗਈ ਹੈ, ਉਹ ਇਸਤ੍ਰੀ ਪਤੀ (ਪਰਮੇਸ਼ੁਰ) ਨੇ ਆਪੇ (ਆਪਣੇ ਨਾਲ) ਮੇਲ ਲਈ ਹੈ। (ਹਾਂ) ਹੇ ਨਾਨਕ! ਸੱਚੇ ਸਾਹਿਬ ਨੇ (ਉਹ ਆਪ ਹੀ) ਸੰਵਾਰ ਲਈ ਹੈ॥੧॥ |
| **ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ॥ ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ॥ ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ॥ ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ॥ ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ॥ ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ॥੨॥** | [ਹੁਣ ਅਉਗੁਣਵੰਤੀ ਚੱਲੀ] ਹੇ ਗੁਣਾਂ ਤੋਂ ਹੀਣ ਪਿਆਰੀਏ! (ਆਪਣੇ) ਪਤੀ ਪਰਮੇਸ਼ੁਰ ਨੂੰ ਹਾਜ਼ਰ ਹਜ਼ੂਰ ਵੇਖ। ਹੇ ਪਿਆਰੀ! ਜਿਨ੍ਹਾਂ ਨੇ ਗੁਰੂ ਦੁਆਰਾ (ਪਤੀ ਪਰਮੇਸ਼ੁਰ ਨੂੰ) ਮਾਣਿਆ ਹੈ (ਉਨ੍ਹਾਂ ਨੇ ਪ੍ਰਤੀਤ ਕੀਤਾ ਹੈ ਕਿ) ਪਤੀ ਪਰਮੇਸ਼ੁਰ (ਸਾਰੇ) ਭਰਪੂਰ ਹੋ ਰਿਹਾ ਹੈ। (ਉਨ੍ਹਾਂ ਨੇ) ਪਤੀ ਵਿਆਪਕ ਹੋ ਰਿਹਾ, ਭਰਪੂਰ ਹੋ ਰਿਹਾ, ਹਾਜ਼ਰਾ ਹਜ਼ੂਰ ਵੇਖਿਆ ਹੈ, (ਉਸੇ ਨੂੰ ਉਨ੍ਹਾਂ ਨੇ) ਹਰ ਜੁਗ ਵਿਚ ਇਕੋ ਜਾਣਿਆ ਹੈ। (ਐਸੀ) ਆਲੀ ਭੋਲੀ ਇਸਤ੍ਰੀ ਪਤੀ ਨੂੰ ਸਹਜੇ ਹੀ (ਜਤਨ ਤੋਂ ਬਿਨਾਂ) ਮਾਣਦੀ ਹੈ, (ਉਸ ਨੂੰ) ਕਰਮ ਫਲ ਪ੍ਰਦਾਤਾ (ਅਰਥਾਤ ਪਰਮੇਸ਼ੁਰ ਆਪੇ) ਆ ਮਿਲਦਾ ਹੈ। ਜਿਸ ਨੇ ਹਰੀ ਰਸ ਚਖਿਆ ਹੈ, ਸ਼ਬਦ ਦੁਆਰਾ ਉਸ ਨੂੰ ਉਚਾਰਿਆ ਹੈ ਤੇ ਸਤਿਸੰਗ ਵਿਚ ਮਿਲੀ ਰਹਿੰਦੀ ਹੈ। ਹੇ ਨਾਨਕ! ਪਤੀ ਨੂੰ ਉਹ ਇਸਤ੍ਰੀ ਭਾਉਂਦੀ ਹੈ ਜੋ ਸ਼ਬਦ (=ਨਾਮ) ਦੁਆਰਾ ਹਾਜ਼ਰ ਰਹਿੰਦੀ ਹੈ॥੨॥ |
| **ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ॥ ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ॥ ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ॥ ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ॥ ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ॥ ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ॥੩॥** | ਹੇ ਪਿਆਰੀ! ਜਿਨ੍ਹਾਂ ਸੁਹਾਗਣਾਂ ਨੇ (ਮਨ) ਵਿਚੋਂ ਆਪਾ ਭਾਵ (ਅਰਥਾਤ ਹੰਕਾਰ) ਗੁਆ ਲਿਆ ਹੈ, (ਉਨ੍ਹਾਂ ਨੂੰ) ਜਾਕੇ ਪੁਛ (ਉਹ ਦੱਸਣਗੀਆਂ ਕਿ) ਹੇ ਪਿਆਰੀਏ! ਜਿਨ੍ਹਾਂ ਨੇ (ਮਨ) ਵਿਚੋਂ ਆਪਾ ਨਹੀਂ ਗਵਾਇਆ, (ਉਨ੍ਹਾਂ ਨੇ) ਪਤੀ ਦਾ ਹੁਕਮ ਨਹੀਂ ਪਾਇਆ (ਅਰਥਾਤ ਹੁਕਮ ਨਹੀਂ ਪਛਾਣਿਆ)। ਜਿਨ੍ਹਾਂ ਨੇ ਆਪਾ ਗਵਾਇਆ ਹੈ ਉਨ੍ਹਾਂ ਨੇ ਪਤੀ ਪਾਇਆ ਹੈ, (ਉਹ) ਪ੍ਰੇਮ ਨਾਲ ਅਨੰਦ ਮਾਣ ਰਹੀਆਂ ਹਨ। (ਹਾਂ, ਐਸੀ ਸੁਹਾਗਣ) ਸਦਾ ਪ੍ਰੇਮ ਵਿਚ ਰੱਤੀ ਰਹਿੰਦੀ ਹੈ, ਸਹਜ ਵਿਚ (ਅਰਥਾਤ ਆਤਮ ਸੁੱਖ ਵਿਚ) ਮਸਤ ਰਹਿੰਦੀ ਹੈ, ਸਦਾ ਨਾਮ ਉਚਾਰਦੀ ਹੈ। (ਉਹ) ਇਸਤ੍ਰੀ ਵੱਡੇ ਭਾਗਾਂ ਵਾਲੀ ਹੈ, ਜਿਸ ਨੂੰ ਹਰੀ ਦਾ ਪ੍ਰੇਮ ਭਾ ਗਿਆ ਹੈ (ਤੇ ਜਿਸ ਦੇ) ਅੰਦਰ ਲਿਵ ਲੱਗ ਗਈ ਹੈ। ਹੇ ਨਾਨਕ! (ਜਿਸ ਨੇ) ਸੱਚ ਦਾ ਸੀਗਾਰ ਬਣਾ ਲਿਆ ਹੈ (ਉਹ) ਸਹਜ (ਅਰਥਾਤ ਆਤਮ ਸੁਖ) ਵਿਚ ਰੱਤੀ ਰਹਿੰਦੀ ਹੈ॥੩॥ |
| **ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਇ॥ ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ॥ ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ॥ ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ॥ ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ॥ ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ॥੪॥੧॥** | ਹੇ ਪਿਆਰੀਏ! ਹਉਮੈ ਨੂੰ ਮਾਰ ਤੇ ਗੁਰੂ ਦੇ ਭਾਣੇ ਵਿਚ ਚਲ, ਹੇ ਪਿਆਰੀਏ! (ਫਿਰ ਤੂੰ) ਆਪਣੇ ਸਰੂਪ ਵਿਚ ਵਾਸਾ ਪਾਏਂਗੀ ਤੇ ਪਰਮੇਸ਼ਰ ਪਤੀ ਨੂੰ ਸਦਾ ਮਾਣੇਂਗੀ। ਜੋ ਇਸਤ੍ਰੀ ਸ਼ਬਦ ਨੂੰ ਵਜਾਉਂਦੀ (ਅਰਥਾਤ ਨਾਮ ਜਪਦੀ ਹੈ ਉਹ) ਆਪਣੇ ਸਰੂਪ ਵਿਚ ਵਾਸਾ ਪਾਏਗੀ ਤੇ ਸਦਾ ਸੁਹਾਗਣ ਹੋ ਜਾਏਗੀ। (ਉਹ) ਪਤੀ ਰੰਗ ਰਲੀਆਂ ਵਾਲਾ ਹੈ, (ਜਿਸ ਦਾ) ਜੋਬਨ ਸਦਾ ਜੁਆਨ ਹੈ, (ਉਸ) ਕੰਤ ਤੋਂ (ਉਹ ਇਸਤ੍ਰੀ) ਸਵਾਰੀ ਜਾਏਗੀ (ਅਰਥਾਤ ਉਸ ਦੀ ਹਜ਼ੂਰੀ ਵਿਚ ਰਹਿਣ ਦਾ ਮਾਣ ਪਾਏਗੀ)। (ਜਿਸ ਦੇ) ਮੱਥੇ ਤੇ ਭਾਗ ਹੈ (ਉਹ) ਸੱਚੇ ਸ਼ਬਦ ਦੁਆਰਾ ਹਰੀ ਪਤੀ ਰੂਪੀ ਸੋਹਾਗ ਪਾਕੇ ਸ਼ੋਭਾ ਵਾਲੀ ਹੋ ਜਾਂਦੀ ਹੈ। (ਪਰ) ਹੇ ਨਾਨਕ! (ਇਸ ਤਰ੍ਹਾਂ ਦੇ) ਹਰੀ ਦੇ ਪ੍ਰੇਮ ਵਿਚ ਰਤੀ ਹੋਈ ਇਸਤ੍ਰੀ (ਤਾਂ ਬਣਦੀ ਹੈ) ਜਾਂ ਸਤਿਗੁਰ ਦੇ ਭਾਣੇ ਵਿਚ ਚੱਲੇ॥੪॥੧॥ |



'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਪ੍ਰੋਗਰਾਮ ਯੁਵਾ ਸਾਹਿਤੀ ਦੇ ਤਹਿਤ 'ਮਾਤੇਸ਼ਵਰੀ' ਤੇ ਹੋਈ ਚਰਚਾ

ਨਵੀਂ ਦਿੱਲੀ, 13 ਨਵੰਬਰ 2020 : ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ 'ਯੁਵਾ ਸਾਹਿਤੀ' ਦੇ ਤਹਿਤ ਹੋਏ ਪਹਿਲੇ ਪ੍ਰੋਗਰਾਮ 'ਚ ਯੁਵਾ ਕਵੀ ਗੁਰਪ੍ਰੀਤ ਬੋੜਾਵਾਲ ਦੀ ਪਲੇਠੀ ਪੁਸਤਕ 'ਮਾਤੇਸ਼ਵਰੀ' ਦੇ ਉਪਰ ਚਰਚਾ ਦਾ ਆਯੋਜਨ ਕੀਤਾ ਗਿਆ। ਇਸ ਉਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਗ੍ਰੇਜ਼ੀ ਵਿਭਾਗ ਦੇ ਖੋਜਾਰਥੀ ਹਰਵੀਰ ਪੌਲ ਢਿੱਲੋਂ ਅਤੇ ਇਸੇ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਖੋਜਾਰਥੀ ਗੁਰਦੀਪ ਸਿੰਘ ਢਿੱਲੋਂ ਨੇ ਆਪਣੇ ਵਿਚਾਰ ਰੱਖੇ। ਇਸ ਆਨਲਾਈਨ ਪ੍ਰੋਗਰਾਮ ਦਾ ਸੰਚਾਲਨ ਰਾਮਾਨੁਜਨ ਕਾਲਜ ਤੋਂ ਡਾ. ਸਿਮਰਨ ਸੇਠੀ ਨੇ ਕੀਤਾ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਦਨ ਵਲੋਂ ਸਮੇਂ ਸਮੇਂ ਹੁੰਦੀਆਂ ਸਾਹਿਤਕ ਤੇ ਅਕਾਦਮਿਕ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਯੁਵਾ ਸਾਹਿਤਕਾਰਾਂ ਲਈ ਸ਼ੁਰੂ ਕੀਤੇ ਇਸ ਪ੍ਰੋਗਰਾਮ 'ਚ ਉਨ੍ਹਾਂ ਨੂੰ ਵਧ ਤੋਂ ਵਧ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਪ੍ਰੋਗਰਾਮ ਦੇ ਕਨਵੀਨਰ ਦਵਿੰਦਰ ਸਿੰਘ ਨੇ ਲੇਖਕ ਗੁਰਪ੍ਰੀਤ ਬੋੜਾਵਾਲ ਅਤੇ ਦੋਵੇਂ ਚਰਚਾਕਾਰ ਖੋਜ-ਵਿਦਿਆਰਥੀਆਂ ਦਾ ਪਾਠਕਾਂ ਨਾਲ ਸੰਖਿਪਤ ਪਰੀਚੈ ਕਰਵਾਇਆ। ਉਪਰੰਤ ਡਾ. ਸੇਠੀ ਨੇ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਪ੍ਰਸਤੁਤ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਮੁੱਖ ਰੂਪ ਵਿਚ ਇਹ ਪੁਸਤਕ ਇਕ ਤਰ੍ਹਾਂ ਨਾਲ ਮਾਂ ਤੋਂ ਈਸ਼ਵਰ ਤੱਕ ਦੀ ਯਾਤਰਾ ਹੈ ਜਿਸ ਵਿਚ ਸਾਡੇ ਸਰੋਕਾਰ ਅਤੇ ਔਰਤ ਦੇ ਸਾਰੇ ਰੂਪ ਇਕੋ ਮਾਂ ਰੂਪੀ ਬਿੰਬ 'ਚੋਂ ਹੀ ਸਿਰਜਨਾ ਦੇ ਬਹੁ-ਮੁਖੀ ਪਾਸਾਰ ਘੜਦੇ ਹਨ। ਹਰਵੀਰ ਢਿੱਲੋਂ ਨੇ ਪੁਸਤਕ ਉੱਤੇ ਬੋਲਦਿਆਂ ਇਸ ਨੂੰ ਅਜੋਕੇ ਦੌਰ ਦੀ ਅਜਿਹੀ ਸਿਰਜਨਾਤਮਕ ਪ੍ਰਾਪਤੀ ਕਿਹਾ ਜਿਸ ਵਿਚ ਪਿੰਡ ਤੇ ਫਿਰ ਸ਼ਹਿਰ ਦੇ ਸਮਾਜਕ ਭੰਵਰ 'ਚ ਫੱਸਿਆ ਜੀਵ ਅਖ਼ੀਰ ਮਾਂ ਵਲ ਹੀ ਪਰਤਣਾ ਚਾਹੁੰਦਾ ਹੈ। ਜ਼ਿੰਦਗੀ ਦੇ ਟੇਢੇ-ਮੇਢੇ ਰਾਹਾਂ 'ਚ ਉਹ ਮਾਂ ਦੇ ਅਕਸ ਨੂੰ ਪੂਰੇ ਬ੍ਰਹਿਮੰਡ 'ਚ ਪੱਸਰਿਆ ਵੇਖਦਾ ਹੈ ਤੇ ਇਸ 'ਚੋਂ ਸਹਿਜ ਅਤੇ ਸੁਹਜਮਈ ਕਾਵਿ ਸਿਰਜਨਾ ਦਾ ਪਿੜ ਸਿਰਜਦਾ ਹੈ ਅਤੇ ਇਸੇ 'ਚੋਂ ਹੀ ਸਮਾਜਿਕ ਸਰੋਕਾਰਾਂ ਨੂੰ ਜ਼ੁਬਾਨ ਦਿੰਦਾ ਹੈ। ਹਰਵੀਰ ਅਨੁਸਾਰ ਇਕ ਲੰਮਾਂ ਸਮਾਂ ਲਗਾ ਕੇ ਲਿਖੀ ਉਸਦੀ ਰਚਨਾ 'ਚ ਠਹਿਰਾਅ ਤੇ ਗਹਿਰਾਈ ਸਾਨੂੰ ਪ੍ਰਤੀਤ ਹੁੰਦੀ ਹੈ। ਗੁਰਦੀਪ ਸਿੰਘ ਢਿੱਲੋਂ ਅਜੋਕੇ ਦੌਰ 'ਚ ਵਾਪਰ ਰਹੇ ਕਾਵਿਕਤਾ ਦੇ ਸੰਕਟ ਦੀ ਗੱਲ ਕਰਦਿਆਂ ਜਿੱਥੇ ਲੇਖਕ ਦੀਆਂ ਕਵਿਤਾਵਾਂ 'ਚੋਂ ਪੰਜਾਬ ਦੇ ਗੌਰਵ ਅਤੇ ਮਾਂ ਦੀ ਮੁਹੱਬਤ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ ਉੱਥੇ ਹੀ ਗੁਰਪ੍ਰੀਤ ਨੂੰ ਮਕੈਨਿਕਤਾ ਤੋਂ ਪਰਹੇਜ਼ ਰੱਖਣ ਲਈ ਵੀ ਸੁਝਾਅ ਦਿੰਦਾ ਹੈ। ਗੁਰਦੀਪ ਅਨੁਸਾਰ ਕਵਿਤਾ ਵਿਚ ਪਾਠਕੀ ਸਪੇਸ ਦਾ ਹੋਣਾ ਬਹੁਤ ਜ਼ਰੂਰੀ ਹੈ ਤੇ ਪ੍ਰਸਤੁਤ ਕਾਵਿ-ਸੰਗ੍ਰਹਿ ਦੀਆਂ ਬਹੁਤੀ ਕਵਿਤਾਵਾਂ ਇਸ ਪੱਖੋਂ ਅਮੀਰ ਹਨ। ਇਸ ਤੋਂ ਬਾਅਦ ਕਵੀ ਨੇ ਚਰਚਾਕਾਰਾਂ ਦੇ ਸੁਝਾਓ ਤੇ ਵਿਆਖਿਆਨ ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਚੋਣਵੀਆਂ ਕਵਿਤਾਵਾਂ ਪਾਠਕਾਂ ਦੀ ਨਜ਼ਰ ਕੀਤੀਆਂ। ਅਖ਼ੀਰ 'ਚ ਡਾ. ਰਵੇਲ ਸਿੰਘ ਨੇ ਕਵੀ ਗੁਰਪ੍ਰੀਤ ਬੋੜਾਵਾਲ ਨੂੰ ਇਸ ਪਲੇਠੇ ਕਾਵਿ-ਸੰਗ੍ਰਹਿ ਲਈ ਮੁਬਾਰਕਬਾਦ ਦਿੰਦਿਆਂ ਪੁਸਤਕ ਉਪਰ ਹੋਈ ਆਲੋਚਨਾ ਬਾਰੇ ਆਪਣੇ ਬਹੁ-ਮੁੱਲੇ ਵਿਚਾਰ ਰੱਖਦਿਆਂ ਕੀਮਤੀ ਸੁਝਾਓ ਵੀ ਦਿੱਤੇ ਅਤੇ ਆਨਲਾਈਨ ਚਰਚਾ 'ਚ ਹਾਜ਼ਰ ਵਕਤਿਆਂ ਅਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧ ✧






**(ਉਪਰ) ਗੁਰਪ੍ਰੀਤ ਬੋੜਾਵਾਲ, ਡਾ. ਸਿਮਰਨ ਸੇਠੀ। (ਹੇਠਾਂ) ਡਾ. ਮਹਿੰਦਰ ਸਿੰਘ, ਹਰਵੀਰ ਪੌਲ ਢਿੱਲੋਂ, ਗੁਰਦੀਪ ਸਿੰਘ ਢਿੱਲੋਂ, ਦਵਿੰਦਰ ਸਿੰਘ ਅਤੇ ਡਾ. ਰਵੇਲ ਸਿੰਘ**